Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6


ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 200 | Monday, October 17, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬਾਰ ਦੇ ਬਾਹਰ ਚਾਕੂ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ, ਇੱਕ ਗ੍ਰਿਫਤਾਰ

ਐਜੈਕਸ, 16 ਅਕਤੂਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਸਵੇਰੇ ਐਜੈਕਸ ਬਾਰ ਦੇ ਬਾਹਰ ਹੋਈ ਲੜਾਈ ਦੌਰਾਨ ਇੱਕ ਵਿਅਕਤੀ ਵੱਲੋਂ ਦੂਜੇ ਨੂੰ ਘਾਤਕ ਰੂਪ ਵਿੱਚ ਚਾਕੂ ਮਾਰ ਦੇਣ ਦੇ ਸਬੰਧ ਵਿੱਚ 33 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋ ਵਿਅਕਤੀਆਂ ਦਰਮਿਆਨ ਹੋਈ ਲੜਾਈ ਤੋਂ ਬਾਅਦ ਰਾਤੀਂ 2:00 ਵਜੇ ਪੁਲਿਸ ਨੂੰ ਵੈਸਟਨੇਅ ਰੋਡ ਤੇ ਲੇਕ ਡਰਾਈਵਵੇਅ ਇਲਾਕੇ ਵਿੱਚ ਕਿੰਗਜ਼ ਕਾਸਲ ਬਾਰ ਐਂਡ ਗ੍ਰਿੱਲ ਦੇ ਪਾਰਕਿੰਗ ਲੌਟ ਵਿੱਚ ਸੱਦਿਆ ਗਿਆ। ਲੜਾਈ ਦੌਰਾਨ ਇੱਕ ਵਿਅਕਤੀ ਨੇ ਚਾਕੂ ਕੱਢ ਲਿਆ ਤੇ ਦੂਜੇ ਵਿਅਕਤੀ ਉੱਤੇ ਤੇਜ਼ੀ ਨਾਲ ਵਾਰ ਕਰਨ ਲੱਗਿਆ। ਜ਼ਖ਼ਮੀ ਹਾਲਤ ਵਿੱਚ ਉਸ



ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਹਾਲਾਂਕਿ ਪਰਿਵਾਰ ਦੇ ਕਹਿਣ ਉੱਤੇ ਪੁਲਿਸ ਮ੍ਰਿਤਕ ਦੇ ਨਾਂ ਦਾ ਖੁਲਾਸਾ ਨਹੀਂ ਕਰ ਰਹੀ ਸੀ ਪਰ ਇੰਸਟਾਗ੍ਰਾਮ ਪੋਸਟ ਉੱਤੇ ਤਾਮਿਲ ਐਲਮ ਫੁੱਟਬਾਲ ਐਸੋਸਿਏਸ਼ਨ ਵੱਲੋਂ ਮ੍ਰਿਤਕ ਦੀ ਪਛਾਣ 28 ਸਾਲਾਂ ਦੇ ਅਰੁਣ ਵਿਗਨੇਸ਼ਵਰਾਜਾਹ ਵਜੋਂ ਕੀਤੀ ਗਈ ਹੈ। ਐਤਵਾਰ ਨੂੰ ਪੁਲਿਸ ਨੇ ਐਜੈਕਸ ਦੇ ਚਾਰਡ ਪੈਟ੍ਰਿਕ ਨੂੰ ਸੈਕਿੰਡ ਡਿਗਰੀ ਮਰਡਰ ਦੇ ਸਬੰਧ ਵਿੱਚ ਚਾਰਜ ਕੀਤਾ।

ਪੁਲਿਸ ਨੇ ਦੱਸਿਆ ਕਿ ਛੁਰੇਬਾਜ਼ੀ ਤੋਂ ਬਾਅਦ ਪਾਰਕਿੰਗ ਲੌਟ ਵਿੱਚ ਹੀ ਇੱਕ ਗੱਡੀ ਨਾਲ ਟਕਰਾਅ ਜਾਣ ਕਾਰਨ ਪੈਟ੍ਰਿਕ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਉਸ ਨੂੰ ਟੱਕਰ ਮਾਰਨ ਵਾਲੀ ਗੱਡੀ ਦੇ ਡਰਾਈਵਰ ਨੂੰ ਖਤਰਨਾਕ ਢੰਗ ਨਾਲ ਗੱਡੀ ਚਲਾਉਣ ਤੇ ਸ਼ਰੀਰਕ ਨੁਕਸਾਨ ਪਹੁੰਚਾਉਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

## ਬਰੈਂਪਟਨ ਨੇ ਲਾਂਚ ਕੀਤਾ ਆਪਣਾ ਪਹਿਲਾ ਕਮਿਊਨਿਟੀ ਸੇਫਟੀ ਐਕਸ਼ਨ ਪਲੈਨ

ਬਰੈਂਪਟਨ, 16 ਅਕਤੂਬਰ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਵੱਲੋਂ ਪਹਿਲੀ ਵਾਰੀ ਕਮਿਊਨਿਟੀ ਸੇਫਟੀ ਐਕਸ਼ਨ ਪਲੈਨ ਲਾਂਚ ਕੀਤਾ ਗਿਆ ਹੈ।

ਬਰੈਂਪਟਨ ਸਿਹਤਮੰਦ ਤੇ ਸੇਫ ਸਿਟੀ ਹੈ। ਆਪਣੇ ਭਾਈਵਾਲਾਂ ਨਾਲ ਮਿਲ ਕੇ ਸਿਟੀ ਵੱਲੋਂ ਸਸ਼ਕਤ ਤੇ ਇੱਕ ਦੂਜੇ ਨਾਲ ਜੁੜੀ ਹੋਈ ਕਮਿਊਨਿਟੀ ਦਾ ਟੀਚਾ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿੱਥੇ ਕਮਿਊਨਿਟੀ ਦਾ ਹਰ ਮੈਂਬਰ ਖੁਦ ਨੂੰ ਸੇਫ ਮਹਿਸੂਸ ਕਰੇ, ਇਸ ਨਾਲ ਜੁੜਿਆ ਮਹਿਸੂਸ ਕਰੇ ਤੇ ਹਰ ਕਿਸੇ ਦੀਆਂ ਸਾਰੀਆ ਲੋੜਾਂ ਪੂਰੀਆਂ ਹੋ ਸਕਣ। ਇਸ ਐਕਸ਼ਨ



ਪਲੈਨ ਵਿੱਚ ਤਿੰਨ ਅਜਿਹੇ ਖੇਤਰਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਉੱਤੇ ਜ਼ਿਆਦਾ ਧਿਆਨ ਦਿੱਤਾ ਜਾਣਾ ਹੈ ਤੇ ਇਹ ਹਨ ਸੇਫਟੀ, ਜਾਗਰੁਕਤਾ ਤੇ ਸਸ਼ਕਤੀਕਰਣ। ਇਨ੍ਹਾਂ ਤਹਿਤ ਕੀਤੇ ਜਾਣ ਵਾਲੇ ਖਾਸ ਉਪਰਾਲੇ 2022 ਤੋਂ 2027 ਤੱਕ ਲਾਗੂ ਕੀਤੇ ਜਾਣਗੇ।

ਇਸ ਪਲੈਨ ਦੇ ਲਾਗੂ ਹੋਣ ਨਾਲ ਰੈਜ਼ੀਡੈਂਟਸ ਦੀਆਂ ਸੇਫਟੀ ਸਬੰਧੀ ਚਿੰਤਾਵਾਂ ਖ਼ਤਮ ਹੋ ਜਾਣਗੀਆਂ, ਉਹ ਕਮਿਊਨਿਟੀ ਨਾਲ ਹੋਰ ਨੇੜਿਓਂ ਜੁੜ ਸਕਣਗੇ ਤੇ ਆਪਣੇ ਗੁਆਂਢ ਦੀ ਸੇਫਟੀ ਤੇ ਬਿਹਤਰੀ ਲਈ ਅਹਿਮ ਯੋਗਦਾਨ ਪਾ ਸਕਣਗੇ। ...ਬਾਕੀ ਪੰਨਾ 2 'ਤੇ

## ਵਿਗਿਆਨੀਆਂ ਨੇ ਲੱਭਿਆ ਨਵਾਂ ਬਲੱਡ ਗਰੁੱਪ

ਓਟਵਾ, 16 ਅਕਤੂਬਰ (ਪੋਸਟ ਬਿਊਰੋ) : ਸਾਡੇ ਵਿੱਚੋਂ ਬਹੁਤੇ ਆਪਣੇ ਬਲੱਡ ਟਾਈਪ ਨੂੰ ਲੈ ਕੇ ਜਾਗਰੂਕ ਹਨ ਪਰ ਪਿੱਛੇ ਜਿਹੇ ਬਲੱਡ ਟਾਈਪਸ ਦੇ ਨਵੇਂ ਗਰੁੱਪ ਦੀ ਭਾਲ ਨੂੰ ਜ਼ਿੰਦਗੀਆਂ ਬਚਾਉਣ ਲਈ ਅਹਿਮ ਦੱਸਿਆ ਜਾ ਰਿਹਾ ਹੈ।

ਵਿਗਿਆਨੀਆਂ ਅਨੁਸਾਰ ਇਸ ਨਵੇਂ ਬਲੱਡ ਗਰੁੱਪ ਨੂੰ ਈਆਰ ਦਾ ਨਾਂ ਦਿੱਤਾ ਗਿਆ ਹੈ। ਈਆਰ ਡਾਕਟਰਾਂ ਨੂੰ ਉਸ ਸਮੇਂ ਸਿਹਤ ਸਬੰਧੀ ਦਿੱਕਤਾਂ ਨੂੰ ਸਮਝਣ ਵਿੱਚ ਮਦਦ ਕਰ ਸਕਦਾ ਹੈ ਜਦੋਂ ਬਲੱਡ ਟਾਈਪ ਅਢੁਕਵੇਂ ਹੋਣ। ਯੂਨੀਵਰਸਿਟੀ ਹੈਲਥ ਨੈੱਟਵਰਕ ਦੀ ਹੇਮੇਟੌਲੋਜਿਸਟ ਡਾ. ਕ੍ਰਿਸਟੀਨ ਸੈਰਤੀ ਗਾਜ਼ਦੇਵਿੱਚ ਨੇ ਦੱਸਿਆ ਕਿ ਇਹ ਸੱਭ ਉਸ ਸਮੇਂ ਸ਼ੁਰੂ ਹੋਇਆ ਜਦੋਂ ਦੁਨੀਆਂ ਭਰ ਦੀਆਂ ਵੱਖ ਵੱਖ ਥਾਂਵਾਂ ਤੋਂ 30 ਜਾਂ ਵਧੇਰੇ ਲੋਕਾਂ ਨੂੰ ਇਮਿਊਨ ਸਿਸਟਮ ਦੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਨਾ ਪਿਆ, ਫਿਰ ਭਾਵੇਂ ਉਹ ਕਿਸੇ ਵਿਅਕਤੀ ਦੇ ਟਰਾਂਸਫਿਊਜ਼ਨ ਜਾਂ ਕਿਸੇ ਵਿਅਕਤੀ ਤੇ ਉਸ ਦੇ ਅਣਜੰਮੇਂ ਬੱਚੇ ਦਰਮਿਆਨ ਹੋਇਆ ਹੋਵੇ।

ਇਸ ਨਵੇਂ ਈਆਰ ਬਲੱਡ ਗਰੁੱਪ ਨੂੰ ਏ, ਬੀ ਤੇ ਓ ਵਰਗੇ ਪ੍ਰਚਲਤ ਬਲੱਡ ਗਰੁੱਪਜ਼ ਦੀ ਸੂਚੀ ਵਿੱਚ 44ਵੇਂ ਸਥਾਨ ਉੱਤੇ ਦਰਜ ਕਰ ਲਿਆ ਗਿਆ ਹੈ। ਖੋਜਾਰਥੀਆਂ ਦਾ ਕਹਿਣਾ ਹੈ ਕਿ ਜੈਨੇਟਿਕ ਵੱਖਰੇਵਿਆਂ ਦੇ ਅਧਾਰ ਉੱਤੇ ਇਸ ਗਰੁੱਪ ਵਿੱਚ ਕੁੱਲ ਪੰਜ ਈਆਰ ਐਂਟੀਜਨਜ਼ ਸ਼ਾਮਲ ਕੀਤੇ ਗਏ ਹਨ। ਜਦੋਂ ਸ਼ਰੀਰ ਐਂਟੀਜਨਜ਼ ਤਿਆਰ ਕਰਦਾ ਹੈ ਤਾਂ ਉਹ ਈਆਰ ਐਂਟੀਜਨਜ਼ ਨਾਲ ਮੇਲ ਖਾਂਦੇ ਹਨ ਤੇ ਜਦੋਂ ਇਹ ਕਿਸੇ ਬਾਹਰੀ ਚੀਜ਼ ਦੀ ਪਛਾਣ ਕਰਦੇ ਹਨ ਤਾਂ ਇਮਿਊਨ ਸੈੱਲਜ਼ ਕਿਸੇ ਤਰ੍ਹਾਂ ਦੇ ਬਲੱਡ ਟਰਾਂਸਫਿਊਜ਼ਨ ਜਾਂ ਗਰਭਕਾਲ ਦੌਰਾਨ



ਮੇਲ ਨਾ ਖਾਣ ਵਾਲੇ ਸੈੱਲਜ਼ ਉੱਤੇ ਹਮਲਾ ਕਰਦੇ ਹਨ।

ਗਾਜ਼ਦੇਵਿੱਚ ਨੇ ਦੱਸਿਆ ਕਿ ਬਹੁਤੇ ਮਨੁੱਖਾਂ ਕੋਲ ਮੌਲੀਕਿਊਲਜ਼ ਦਾ ਇੱਕੋ ਜਿਹਾ ਵਰਜ਼ਨ ਹੀ ਹੁੰਦਾ ਹੈ ਤੇ ਦੁਨੀਆਂ ਵਿੱਚ ਅਜਿਹੇ ਚੰਦ ਕੁ ਲੋਕ ਹਨ ਜਿਨ੍ਹਾਂ ਕੋਲ ਇਹ ਮੌਲਿਊਕਿਊਲ ਨਹੀਂ ਹੈ ਜਾਂ ਫਿਰ ਇਸ ਦਾ ਕੋਈ ਵੱਖਰਾ ਵਰਜ਼ਨ ਹੈ ਕਿ ਜਦੋਂ ਉਨ੍ਹਾਂ ਦਾ ਕਿਸੇ ਵਾਈਲਡ ਟਾਈਪ ਨਾਲ ਸਾਹਮਣਾ ਹੁੰਦਾ ਹੈ ਜਾਂ ਕਾਮਨ ਵਰਜ਼ਨ ਨਾਲ ਸਾਹਮਣਾ ਹੁੰਦਾ ਹੈ ਤਾਂ ਉਹ ਐਂਟੀਬਾਡੀਜ਼ ਬਣਾਉਣ ਲੱਗਦੇ ਹਨ ਤੇ ਉਸ ਬਲੱਡ ਸੈੱਲ ਨੂੰ ਨਕਾਰ ਦਿੰਦੇ ਹਨ।

ਡਾਕਟਰਾਂ ਨੂੰ ਇਹ ਨਵਾਂ ਬਲੱਡ ਟਾਈਪ ਯੂ ਕੇ ਦੀ ਇੱਕ ਅਜਿਹੀ ਮਹਿਲਾ ਦਾ ਆਪਰੇਸ਼ਨ ਕਰਨ ਉੱਤੇ ਮਿਲਿਆ ਜਿਸਦੇ ਅਣਜੰਮੇਂ ਬੱਚੇ ਦੀ ਮੌਤ ਹੋ ਗਈ ਸੀ। ਇਸ ਮਹਿਲਾ ਦੇ ਬਲੱਡ ਵਿੱਚ ਅਣਪਛਾਤੀਆਂ ਐਂਟੀਬਾਡੀਜ਼ ਮਿਲੀਆਂ ਜਿਸ ਕਾਰਨ ਇਸ ਬਲੱਡ ਗਰੁੱਪ ਦਾ ਖੁਲਾਸਾ ਹੋ ਸਕਿਆ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਕਿ ਇਹ ਵਿਲੱਖਣ ਖੋਜ ਹੋਵੇ, ਪਰ ਇਸ ਦੀ ਸਮਝ ਨਾਲ ਉਨ੍ਹਾਂ ਡਾਕਟਰਾਂ ਨੂੰ ਮਦਦ ਮਿਲੇਗੀ ਜਿਨ੍ਹਾਂ ਨੂੰ ਆਪਣੇ ਮਰੀਜ਼ਾਂ ਦੀ ਬਿਮਾਰੀ ਦਾ ਡਾਇਗਨੋਜ਼ ਕਰਨ ਵਿੱਚ ਦਿੱਕਤ ਆਉਂਦੀ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL
For Ourr Exclusive Deals
PRICE $4699
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
5781 Highway 7 Unit 10, Vaughan, ON L4L 1T8, (416)-477-5556
416-551-5553
WWW.OURRHOMEAPPLIANCES.COM

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE
WHEN YOU SPEND OVER $20
TIFFEN SERVICES ARE ALSO AVAILABLE

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
(Government Approved Licensed Technician)
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਮੰਤਰੀ ਸਾਬਕਾ ਗਿਆ ਇੱਕ ਹੋਰ ਫੜਿਆ,
ਸੁਣ ਲਿਆ ਚੱਕਰ ਆ ਨਵਾਂ ਨਕੋਰ ਮੀਆਂ।
ਭ੍ਰਿਸ਼ਟਾਚਾਰ ਦੀ ਕਹਿੰਦੇ ਸਨ ਜਾਂਚ ਕਰਨੀ,
ਪਾਇਆ ਪੁਲਸ ਨੇ ਬਹੁਤ ਸੀ ਜ਼ੋਰ ਮੀਆਂ।
ਕਹਿੰਦੇ ਗਿਆ ਸੀ ਭਰਨ ਨੂੰ ਹਾਜ਼ਰੀ ਉਹ,
ਵਰਤਣ ਤੁਰ ਪਿਆ ਦਾਅ ਸੀ ਹੋਰ ਮੀਆਂ।
ਪੈਸਾ ਪੇਸ਼ ਕਰਿਆ ਏ ਜਾਂਚ ਕਰਤਿਆਂ ਨੂੰ,
ਏਸੇ ਈ ਗੱਲ ਦਾ ਪਿਆ ਫਿਰ ਸ਼ੋਰ ਮੀਆਂ।
ਰਿਸ਼ਵਤ ਲਈ ਦਾ ਇੱਕ ਸੀ ਕੇਸ ਪਹਿਲਾਂ,
ਰਿਸ਼ਵਤ ਦੇਣ ਦਾ ਹੋ ਗਿਆ ਦਰਜ ਮੀਆਂ।
ਪਹਿਲੀ ਵਾਰ ਆ ਏਦਾਂ ਦਾ ਚੰਦ ਚੜ੍ਹਿਆ,
ਪੜ੍ਹ ਕੇ ਲੋਕ ਹਨ ਹੋਏ ਅਸਚਰਜ ਮੀਆਂ।

ਤੀਸ ਮਾਰ ਖਾਂ

# ਇਨ੍ਹਾਂ ਸਿਆਲਾਂ ਵਿੱਚ ਘਰਾਂ ਨੂੰ ਨਿੱਘਾ ਰੱਖਣ ਲਈ ਕੈਨੇਡੀਅਨਜ਼ ਨੂੰ ਚੁਕਾਉਣੀ ਹੋਵੇਗੀ ਵੱਧ ਕੀਮਤ!

ਓਟਵਾ, 16 ਅਕਤੂਬਰ (ਪੋਸਟ ਬਿਊਰੋ) : ਨੈਚੂਰਲ ਗੈਸ ਤੇ ਬਿਜਲੀ ਦੇ ਬਿੱਲ ਭਰਨ ਵਾਲੇ ਬਹੁਤੇ ਕੈਨੇਡੀਅਨਜ਼ ਨੂੰ ਇਨ੍ਹਾਂ ਸਿਆਲਾਂ ਵਿੱਚ 50 ਤੇ 100 ਫੀ ਸਦੀ ਦਰਮਿਆਨ ਵੱਧ ਬਿੱਲ ਦੇਣੇ ਪੈ ਸਕਦੇ ਹਨ। ਇਹ ਖੁਲਾਸਾ ਇੱਕ ਐਨਰਜੀ ਵਿਸ਼ਲੇਸ਼ਕ ਵੱਲੋਂ ਕੀਤਾ ਗਿਆ।



EnergyRates.ca ਦੇ ਬਾਨੀ ਜੋਏਲ ਮੈਕਡੌਨਲਡ ਦਾ ਕਹਿਣਾ ਹੈ ਕਿ ਕੁੱਝ ਖਪਤਕਾਰਾਂ ਦੇ ਬਿੱਲਾਂ ਵਿੱਚ 300 ਫੀ ਸਦੀ ਦਾ ਵਾਧਾ ਹੋ ਸਕਦਾ ਹੈ ਪਰ ਜਿਹੜਾ ਆਮ ਰੁਝਾਨ ਹੈ ਉਹ ਸਪਸ਼ਟ ਹੋ ਚੁੱਕਿਆ ਹੈ।ਉਨ੍ਹਾਂ ਇੱਕ ਇੰਟਰਵਿਊ ਵਿੱਚ ਆਖਿਆ ਕਿ ਕੁੱਝ ਪ੍ਰੋਵਿੰਸਾਂ ਵਿੱਚ ਮਾਰਕਿਟਪਲੇਸ ਦੇ ਢਾਂਚੇ ਕਾਰਨ ਇਸ ਤਰ੍ਹਾਂ ਦੇ ਵਾਧੇ ਉੱਤੇ ਨਕੇਲ ਕੱਸੀ ਗਈ ਹੈ ਪਰ ਆਮ ਤੌਰ ਉੱਤੇ ਇਸ ਵਾਰੀ ਐਨਰਜੀ ਬਿੱਲ ਕਾਫੀ ਜ਼ਿਆਦਾ ਰਹਿਣ ਦੀ ਸੰਭਾਵਨਾ ਹੈ। ਇਸ ਵਾਰੀ ਘਰਾਂ ਦੀ ਐਨਰਜੀ ਦੀ ਲਾਗਤ ਵੱਧਣ ਦਾ ਕਾਰਨ ਨੈਚੂਰਲ ਗੈਸ ਦੀਆਂ ਕੀਮਤਾਂ ਵਿੱਚ ਹੋਣ ਵਾਲਾ ਵਾਧਾ ਹੈ। ਕੈਨੇਡਾ ਵਿੱਚ ਬਿਜਲੀ ਉਤਪਾਦਨ ਲਈ 8.5 ਫੀ ਸਦੀ ਨੈਚੂਰਲ ਗੈਸ ਦੀ ਵਰਤੋਂ ਹੁੰਦੀ ਹੈ। ਸਟੈਟੇਸਟਿਕਸ ਕੈਨੇਡਾ ਅਨੁਸਾਰ ਬਹੁਤੇ ਕੈਨੇਡੀਅਨ (61 ਫੀ ਸਦੀ ) ਆਪਣੇ ਘਰਾਂ ਨੂੰ ਨਿੱਘਾ ਰੱਖਣ ਲਈ ਭੱਠੀਆਂ ਤੇ ਬੁਆਇਲਰਜ਼ ਦੀ ਭਾਵ ਰਵਾਇਤੀ ਗੈਸ ਨਾਲ ਚੱਲਣ ਵਾਲੇ ਸਿਸਟਮਜ਼ ਦੀ ਵਰਤੋਂ ਕਰਦੇ ਹਨ। ਬਹੁਤ ਘੱਟ ਮਾਤਰਾ ਵਿੱਚ ਕੈਨੇਡੀਅਨ(29 ਫੀ ਸਦੀ) ਇਲੈਕਟ੍ਰਿਕ ਬੇਸਬੋਰਡ ਤੇ ਰੇਡੀਐਂਟ ਹੀਟਿੰਗ ਸਿਸਟਮਜ਼ ਦੀ ਵਰਤੋਂ ਕਰਦੇ ਹਨ। ਬਾਕੀ ਕੈਨੇਡੀਅਨਜ਼ ਹੀਟ ਪੰਪਸ, ਸਟੋਵਜ਼ ਤੇ ਹੋਰਨਾਂ ਹੀਟਿੰਗ ਸਿਸਟਮਜ਼ ਦੀ ਵਰਤੋਂ ਕਰਦੇ ਹਨ।

ਮੈਕਡੌਨਲਡ ਦਾ ਕਹਿਣਾ ਹੈ ਕਿ ਇਸ ਸਮੇਂ ਨੈਚੂਰਲ ਗੈਸ ਦੀਆਂ ਕੀਮਤਾਂ ਯੂਰਪ ਵਿੱਚ ਕਈ ਤਰ੍ਹਾਂ ਦੇ ਭੂਗੋਲਿਕ ਸਿਆਸੀ ਕਾਰਨਾਂ ਕਰਕੇ ਉੱਪਰ ਜਾ ਰਹੀਆਂ ਹਨ। ਇਸ ਤੋਂ ਇਲਾਵਾ ਮੁੜ ਨੰਵਿਆਈਂ ਜਾ ਸਕਣ ਵਾਲੀ ਐਨਰਜੀ ਵੱਜੋਂ ਗਲੋਬਲ ਰੁਝਾਨ, ਸੀਜ਼ਨਲ ਮੰਗ, ਫੈਡਰਲ ਕਾਰਬਨ ਟੈਕਸ ਤੇ 20 ਸਾਲਾਂ ਦੇ ਅਰਸੇ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਉਤਰਾਅ ਚੜ੍ਹਾਅ ਕਾਰਨ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ ਕੁੱਝ ਕਾਰਨ ਸਪਸ਼ਟ ਹਨ ਤੇ ਕੁੱਝ ਨਹੀਂ, ਜਿਵੇਂ ਕਿ ਯੂਕਰੇਨ ਵਿੱਚ ਅਚਾਨਕ ਛਿੜੀ ਜੰਗ। ਇਸ ਜੰਗ ਕਾਰਨ ਵੀ ਨੈਚੂਰਲ ਗੈਸ ਦੀ ਗਲੋਬਲ ਸਪਲਾਈ ਘਟੀ ਹੈ ਤੇ ਕੀਮਤਾਂ ਵਿੱਚ ਵਾਧਾ ਹੋਇਆ ਹੈ।

ਇਸ ਨਾਲ ਯੂਰਪ ਦੀ ਸਰੋਤ ਤੱਕ ਪਹੁੰਚ ਘਟੀ ਹੈ। ਨਤੀਜੇ ਵਜੋਂ ਅਮਰੀਕਾ ਨੇ ਯੂਰਪ ਨੂੰ ਨੈਚੂਰਲ ਗੈਸ ਦੀ ਸਪਲਾਈ ਦਾ ਐਕਸਪੋਰਟ ਵਧਾ ਦਿੱਤਾ ਹੈ ਤੇ ਕੈਨੇਡਾ ਨੇ ਅਮਰੀਕਾ ਨੂੰ ਨੈਚੂਰਲ ਗੈਸ ਸਪਲਾਈ ਐਕਸਪੋਰਟ ਵਿੱਚ ਵਾਧਾ ਕੀਤਾ ਹੈ, ਇਸ ਨਾਲ ਵੀ ਕੈਨੇਡਾ ਦੀ ਸਪਲਾਈ ਘੱਟ ਗਈ ਹੈ। ਇਸ ਸਮੇਂ ਯੂਰਪ ਵਿੱਚ ਕੈਨੇਡਾ ਨਾਲੋਂ ਨੈਚੂਰਲ ਗੈਸ ਪੰਜ ਗੁਣਾਂ ਵੱਧ ਮਹਿੰਗੀ ਹੈ। ਪਰ ਜਿਵੇਂ ਹੀ ਸਾਡੀ ਸਪਲਾਈ ਡਿੱਗੇਗੀ ਤਾਂ ਇਸ ਵਿੱਚ ਬਦਲਾਅ ਆ ਜਾਵੇਗਾ।

# ਈਆਈ ਪ੍ਰੋਗਰਾਮ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨ ਲਈ ਵਰਕਰਜ਼ ਤੇ ਇੰਪਲੌਇਰਜ਼ ਫੈਡਰਲ ਸਰਕਾਰ ਤੋਂ ਮੰਗ ਰਹੇ ਹਨ ਮੱਦਦ




ਓਟਵਾ, 16 ਅਕਤੂਬਰ (ਪੋਸਟ ਬਿਊਰੋ) : ਇੱਕ ਸਾਲ ਦੇ ਅੰਦਰ ਇੰਪਲੌਇਮੈਂਟ ਇੰਸ਼ੋਰੈਂਸ ਪ੍ਰੀਮੀਅਮਜ਼ ਵਿੱਚ ਵਾਧਾ ਹੋਣਾ ਤੈਅ ਹੈ। ਇਸ ਦੇ ਮੱਦੇਨਜ਼ਰ ਇੰਪਲੌਇਰਜ਼ ਤੇ ਵਰਕਰਜ਼ ਦੋਵਾਂ ਵੱਲੋਂ ਹੀ ਫੈਡਰਲ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਜਾ ਰਹੀ ਹੈ। ਕੋਵਿਡ-19 ਮਹਾਂਮਾਰੀ ਕਾਰਨ ਇਸ ਪ੍ਰੋਗਰਾਮ ਸਿਰ ਚੜ੍ਹੇ ਕਰਜ਼ੇ ਤੋਂ ਇਸ ਨੂੰ ਬਚਾਉਣ ਦੀ ਅਪੀਲ ਵੀ ਕੀਤੀ ਜਾ ਰਹੀ ਹੈ।

ਇਹ ਪ੍ਰੋਗਰਾਮ ਸਮੁੱਚੇ ਰੂਪ ਵਿੱਚ ਵਰਕਰਜ਼ ਤੇ ਇੰਪਲੌਇਰਜ਼ ਵੱਲੋਂ ਅਦਾ ਕੀਤੇ ਜਾਣ ਵਾਲੇ ਪ੍ਰੀਮੀਅਮਜ਼ ਦੇ ਸਿਰ ਉੱਤੇ ਚੱਲਦਾ ਹੈ। ਚੀਫ ਐਕਚੂਰੀ (ਬੀਮਾ-ਅੰਕਿਕ) ਆਫਿਸ ਅਨੁਸ-ਾਰ 2021 ਦੇ ਅੰਤ ਤੱਕ ਇਸ ਸਿਰ 25·9 ਬਿਲੀਅਨ ਡਾਲਰ ਦਾ ਕਰਜ਼ਾ ਚੜ੍ਹ ਚੁੱਕਿਆ ਸੀ। ਇਹ ਕਰਜ਼ਾ ਇਸ ਲਈ ਚੜ੍ਹਿਆ ਕਿਉਂਕਿ ਮਹਾਂਮਾਰੀ ਦੌਰਾਨ ਵੱਡੀ ਗਿਣਤੀ ਵਿੱਚ ਕੈਨੇਡੀਅਨ ਬੇਰੋ-ਜ਼ਗਾਰ ਰਹੇ ਤੇ ਬੇਰੋਜ਼ਗਾਰ ਬੈਨੇਫਿਟਸ ਤੱਕ ਸੁਖਾਲੀ ਪਹੁੰਚ ਲਈ ਪ੍ਰੋਗਰਾਮ ਦੇ ਯੋਗਤਾ ਸਬੰਧੀ ਨਿਯਮਾਂ ਵਿੱਚ ਤਬਦੀਲੀ ਕੀਤੀ ਗਈ।

ਉਸ ਸਮੇਂ ਤੋਂ ਹੀ ਲੇਬਰ ਮਾਰਕਿਟ ਦੀ ਸਥਿਤੀ ਪਲਟੀ ਤੇ ਈਆਈ ਪ੍ਰੋਗਰਾਮ ਵਿੱਚ ਕੀਤੀਆਂ ਗਈਆਂ ਆਰਜ਼ੀ ਤਬਦੀਲੀਆਂ ਨੂੰ ਵੀ ਉਲਟਾ ਦਿੱਤਾ ਗਿਆ।ਪਰ ਸਵਾਲ ਇਹ ਖੜ੍ਹਾ ਹੋ ਰਿਹਾ ਹੈ ਕਿ ਇਸ ਪ੍ਰੋਗਰਾਮ ਸਿਰ ਚੜ੍ਹੇ ਕਰਜ਼ੇ ਤੋਂ ਮੁਕਤੀ ਕੌਣ ਦਿਵਾਵੇਗਾ? ਇੰਪਲੌਇਰਜ਼ ਤੇ ਵਰਕਰਜ਼ ਨੂੰ ਆਸ ਹੈ ਕਿ ਅਜਿਹਾ ਫੈਡਰਲ ਸਰਕਾਰ ਕਰੇਗੀ।

ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ ਦੇ ਨੈਸ਼ਨਲ ਅਫੇਅਰਜ਼ ਦੀ ਵਾਈਸ ਪ੍ਰੈਜ਼ੀਡੈਂਟ ਜੈਸਮਿਨ ਗੁਐਨੈਤ ਨੇ ਆਖਿਆ ਕਿ ਮੌਜੂਦਾ ਘਾਟਾ ਮਹਾਂਮਾਰੀ ਕਾਰਨ ਪਿਆ ਹੈ ਤੇ ਇਸ ਪਿੱਛੇ ਨਾ ਤਾਂ ਕਸੂਰ ਇੰਪਲੌਈ ਦਾ ਹੈ ਤੇ ਨਾ ਹੀ ਇੰਪਲੌਇਰ ਦਾ ਹੈ। ਦੋ ਸਾਲ ਤੱਕ ਬੰਦ ਰਹਿਣ ਤੋਂ ਬਾਅਦ ਈਆਈ ਪ੍ਰੀਮੀਅਮਜ਼ 2023 ਵਿੱਚ ਕਮਾਏ ਜਾਣ ਵਾਲੇ ਹਰ 100 ਡਾਲਰ ਪਿੱਛੇ ਪੰਜ ਫੀ ਸਦੀ ਵਧਣਗੇ।ਕਾਨੂੰਨ ਮੁਤਾਬਕ ਇੱਕ ਸਾਲ ਲਈ ਇਹ ਵੱਧ ਤੋਂ ਵੱਧ ਇਜਾਫਾ ਹੈ।

ਇਸ ਦੌਰਾਨ ਕੈਨੇਡੀਅਨ ਇੰਪਲੌਇਮੈਂਟ ਇੰਸ਼ੋਰੈਂਸ ਕਮਿਸ਼ਨ ਦੇ ਇੰਪਲੌਇਰਜ਼ ਦੀ ਨੁਮਾਇੰਦਗੀ ਕਰਨ ਵਾਲੀ ਨੈਂਸੀ ਹੈਲੇ ਨੇ ਆਖਿਆ ਕਿ ਇਸ ਸਮੇਂ ਈਆਈ ਉੱਤੇ ਕਰਜ਼ੇ ਦੀ ਜਿਹੜੀ ਪੰਡ ਚੜ੍ਹੀ ਹੋਈ ਹੈ ਉਸ ਨੂੰ ਲੈ ਕੇ ਬਿਜ਼ਨਸ ਤੇ ਲੇਬਰ ਦੋਵੇਂ ਚਿੰਤਤ ਹਨ। ਸਾਰੇ ਇਸ ਗੱਲ ਤੋਂ ਵੀ ਹੈਰਾਨ ਹਨ ਕਿ ਫੈਡਰਲ ਸਰਕਾਰ ਵੀ ਇਸ ਮਾਮਲੇ ਵਿੱਚ ਕੁੱਝ ਨਹੀਂ ਕਰ ਰਹੀ ਤੇ ਮੌਨ ਧਾਰੀ ਬੈਠੀ ਹੈ।

# 2023 ਵਿਚ ਕੈਨੇਡਾ ਵਿਚ ਆਵੇਗਾ ਮੰਦਵਾੜਾ : ਆਰਬੀਸੀ ਅਰਥਸ਼ਾਸਤਰੀ

ਓਟਵਾ, 16 ਅਕਤੂਬਰ (ਪੋਸਟ ਬਿਊਰੋ) : ਰੌਇਲ ਬੈਂਕ ਆਫ ਕੈਨੇਡਾ ਦੇ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ 2023 ਦੀ ਪਹਿਲੀ ਤਿਮਾਹੀ ਵਿੱਚ ਦੇਸ਼ ਵਿੱਚ ਮੰਦਵਾੜਾ ਆਵੇਗਾ।




ਆਰਬੀਸੀ ਦੇ ਅਰਥਸ਼ਾਸਤਰੀ ਨਥਾਨ ਜਾਨਜ਼ੇਨ ਵੱਲੋਂ ਕੀਤੀ ਗਈ ਪੇਸ਼ੀਨਿਗੋਈ ਅਨੁਸਾਰ ਕੈਨੇਡਾ ਦੇ ਅਰਥਚਾਰੇ ਵਿੱਚ ਤਰੇੜਾਂ ਪੈ ਰਹੀਆਂ ਹਨ। ਹਾਊਸਿੰਗ ਮਾਰਕਿਟਸ ਤੇਜ਼ੀ ਨਾਲ ਠੰਢੀਆਂ ਪੈ ਚੁੱਕੀਆਂ ਹਨ। ਸੈਂਟਰਲ ਬੈਂਕ ਦਰਾਂ ਨੂੰ ਤੇਜ਼ੀ ਨਾਲ ਵਧਾਉਣ ਵਿੱਚ ਲੱਗੇ ਹੋਏ ਹਨ। ਹਾਲਾਂਕਿ ਲੇਬਰ ਮਾਰਕਿਟ ਦੀ ਸਥਿਤੀ ਮਜ਼ਬੂਤ ਨਜ਼ਰ ਆ ਰਹੀ ਹੈ ਪਰ ਪਿਛਲੇ ਚਾਰ ਮਹੀਨਿਆਂ ਤੋਂ 92,000 ਤੱਕ ਇੰਪਲੌਇਮੈਂਟ ਦਰ ਹੇਠਾਂ ਆ ਚੁੱਕੀ ਹੈ।

ਇਸ ਤੋਂ ਪਹਿਲਾਂ ਜਾਨਜ਼ੈਨ ਤੇ ਫੈਨ ਇਹ ਭਵਿੱਖਬਾਣੀ ਕਰ ਚੁੱਕੇ ਹਨ ਕਿ 2023 ਵਿੱਚ ਕੈਨੇਡਾ ਵਿੱਚ ਦਰਮਿਆਨਾਂ ਮੰਦਵਾੜਾ ਆਵੇਗਾ। ਹੁਣ ਉਨ੍ਹਾਂ ਵੱਲੋਂ ਆਖਿਆ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਵਿਆਜ਼ ਦਰਾਂ 4 ਫੀ ਸਦੀ ਤੱਕ ਤੇ ਅਮਰੀਕਾ ਵਿੱਚ ਵਿਆਜ਼ ਦਰਾਂ 4.5 ਤੋਂ 4.75 ਫੀ ਸਦੀ ਤੱਕ ਵਧਣਗੀਆਂ। ਉਨ੍ਹਾਂ ਇਹ ਵੀ ਆਖਿਆ ਕਿ ਇਸ ਵਾਰੀ ਸਾਡੇ ਵੱਲੋਂ ਕੀਤੀ ਗਈ ਪੇਸ਼ੀਨਿਗੋਈ ਤੋਂ ਵੀ ਇੱਕ ਤਿਮਾਹੀ ਪਹਿਲਾਂ ਹੀ ਇਹ ਮੰਦਵਾੜਾ ਆਉਣ ਦੀ ਸੰਭਾਵਨਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਮਹਿੰਗਾਈ ਨਾਲ ਸਿੱਝਣ ਲਈ ਬੈਂਕ ਆਫ ਕੈਨੇਡਾ ਵੱਲੋਂ ਮਾਰਚ ਤੋਂ ਹੀ ਆਪਣੀਆਂ ਵਿਆਜ਼ ਦਰਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਪੂਰੀ ਮਹਾਂਮਾਰੀ ਦੌਰਾਨ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ 0.25 ਫੀ ਸਦੀ ਰੱਖੀਆਂ ਗਈਆਂ। ਹੁਣ ਇਹ ਵਿਆਜ਼ ਦਰਾਂ 3.25 ਫੀ ਸਦੀ ਤੱਕ ਪਹੁੰਚ ਚੁੱਕੀਆਂ ਹਨ। ਆਰਬੀਸੀ ਦਾ ਕਹਿਣਾ ਹੈ ਕਿ 2022 ਦੇ ਅੰਤ ਵਿੱਚ ਇਨ੍ਹਾਂ ਵਿਆਜ਼ ਦਰਾਂ ਵਿੱਚ ਹੋਰ ਵਾਧਾ ਹੋਵੇਗਾ।

# ਬਰੈਂਪਟਨ ਨੇ ਲਾਂਚ ਕੀਤਾ ਆਪਣਾ ਪਹਿਲਾ ਕਮਿਊਨਿਟੀ ਸੇਫਟੀ ਐਕਸ਼ਨ ਪਲੈਨ

ਪੰਨਾ 1 ਦਾ ਬਾਕੀ

ਇਸ ਦੇ ਨਾਲ ਹੀ ਇੱਥੋਂ ਦੇ ਰੈਜ਼ੀਡੈਂਟਸ ਕਮਿਊਨਿਟੀ ਨੈੱਟਵਰਕਸ ਤੇ ਸਰਵਿਸ ਪ੍ਰੋਵਾਈਡਰਜ਼ ਨਾਲ ਵੀ ਨੇੜਿਓਂ ਜੁੜ ਸਕਣਗੇ।

ਸਿਟੀ ਦਾ ਕਮਿਊਨਿਟੀ ਸੇਫਟੀ ਤੇ ਵੈੱਲ-ਬੀਂਗ ਆਫਿਸ ਕਮਿਊਨਿਟੀ ਸੇਫਟੀ ਐਕਸ਼ਨ ਪਲੈਨ ਨੂੰ ਵਿਕਸਤ ਕਰਨ ਲਈ ਸਾਰੇ ਸਿਟੀ ਡਿਪਾਰਟਮੈਂਟਸ ਨਾਲ ਅੰਦਰੂਨੀ ਤੌਰ ਉੱਤੇ ਜੁੜਿਆ ਹੋਵ-ੇਗਾ। ਰੈਜ਼ੀਡੈਂਟਸ ਨੂੰ ਇਸ ਪਲੈਨ ਦੀ ਹੋਰ ਜਾਣਕਾਰੀ ਹੇਠ ਲਿਖੇ ਅਨੁਸਾਰ ਮੁਹੱਈਆ ਕਰਵਾਈ ਜਾਵੇਗੀ :

- ਟਾਊਨ ਹਾਲ ਮੀਟਿੰਗਾਂ ਰਾਹੀਂ
- ਰੈਜ਼ੀਡੈਂਟਸ ਮੀਟਿੰਗਜ਼ ਰਾਹੀਂ
- ਸਿਟੀਜ਼ਨ ਐਡਵਾਈਜ਼ਰੀ ਕਮੇਟੀ ਸਟਰੈਟੇਜੀ ਸੈਸ਼ਨ
- ਸਿਟੀ ਕਾਊਂਸਲ ਇੰਟਰਵਿਊਜ਼
- ਸਟਾਫ ਤੇ ਐਕਸਟਰਨਲ ਪਾਰਟਨਰ ਐਂਗੇਜਮੈਂਟ
- ਨਰਚਰਿੰਗ ਨੇਬਰਹੁੱਡ ਪ੍ਰੋਗਰਾਮ ਰਾਹੀਂ 1800 ਰੈਜ਼ੀਡੈਂਟਸ ਕੋਲੋਂ ਹਾਸਲ ਹੋਣ ਵਾਲਾ ਡਾਟਾ
- ਡਰਾਫਟ ਜਾਰੀ ਹੋਣ ਤੋਂ ਬਾਅਦ ਕਮਿਊਨਿਟੀ ਦੀ ਹਿੱਸੇਦਾਰੀ ਵਾਲੇ ਪੜਾਅ ਦੀ ਸ਼ੁਰੂਆਤ ਜਿਸ ਵਿੱਚ 330 ਇੰਟਰੈਕਸ਼ਨਜ਼ ਤੋਂ ਵੱਧ ਸ਼ਾਮਲ ਹੋਣਗੀਆਂ


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com



ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਗੁਜਰਾਤ ਦੇ ਲੋਕਾਂ ਨੇ ਭਾਜਪਾ ਨੂੰ ਬਾਹਰ ਕਰਨ ਦਾ ਮਨ ਬਣਾਇਆ : ਮੁੱਖ ਮੰਤਰੀ

***'ਆਪ' ਦੇ ਹੱਕ 'ਚ ਚੱਲ ਰਹੀ ਹਵਾ ਤੂਫਾਨ ਵਿੱਚ ਤਬਦੀਲ ਹੋਈ *ਕਾਂਗਰਸ 'ਵਿਧਾਇਕ ਐਕਸਚੇਂਜ ਪਾਰਟੀ' ਬਣੀ *ਲੋਕਾਂ ਦੀ ਦੌਲਤ ਲੁੱਟਣ ਲਈ ਭਾਜਪਾ ਦੀ ਕੀਤੀ ਆਲੋਚਨਾ**

ਭਾਵਨਗਰ (ਗੁਜਰਾਤ), 16 ਅਕਤੂਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਗੁਜਰਾਤ ਦੇ ਲੋਕਾਂ ਨੇ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਕੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇਣ ਦਾ ਮਨ ਬਣਾ ਲਿਆ ਹੈ।




ਇੱਥੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ‘ਆਪ’ ਦੇ ਹੱਕ ਵਿੱਚ ਵਗਣ ਵਾਲੀ ਹਵਾ, ਹਨੇਰੀ ਵਿੱਚ ਤਬਦੀਲ ਹੋ ਗਈ ਹੈ। ਕਾਂਗਰਸ ’ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਾਰਟੀ ਗੁਜਰਾਤ ਵਿੱਚ ਤਬਦੀਲੀ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾ ਰਹੀ ਹੈ ਪਰ ਇਹ ਪਾਰਟੀ ‘ਐਮਐਲਏ ਐਕਸਚੇਂਜ ਪਾਰਟੀ’ ਬਣ ਕੇ ਰਹਿ ਗਈ ਹੈ ਕਿਉਂਕਿ ਇਸ ਦੇ ਜ਼ਿਆਦਾਤਰ ਵਿਧਾਇਕ ਦੂਜੀਆਂ ਪਾਰਟੀਆਂ ਵੱਲੋਂ ਆਪਣੇ ਵਿੱਚ ਰਲ਼ਾਏ ਜਾ ਰਹੇ ਹਨ। ਸੂਬੇ ਵਿੱਚ ਆਮ ਲੋਕਾਂ ਦੀ ਤਰਸਯੋਗ ਹਾਲਤ ਲਈ ਭਾਜਪਾ ਦੀ ਆਲੋਚਨਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਭਗਵਾ ਪਾਰਟੀ ਲੋਕਾਂ ਦੀ ਦੌਲਤ ਲੁੱਟਣ ਲਈ ਜ਼ੁੰਮੇਵਾਰ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਗੁਜਰਾਤ ਦੇ ਲੋਕ ਵੀ ਉਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਜਿਹੜੀਆਂ 2022 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕ ਵੀ ਭੁਗਤ ਚੁੱਕੇ ਹਨ। ਉਨ੍ਹਾਂ ਕਿਹਾ ਕਿ ਗੁਜਰਾਤ ਬੇਹੱਦ ਗੰਭੀਰ ਖੇਤੀਬਾੜੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਸਕੂਲਾਂ ਤੇ ਹਸਪਤਾਲਾਂ ਦੀ ਹਾਲਤ ਖ਼ਰਾਬ ਹੈ ਅਤੇ ਸੜਕਾਂ ਬਦਤਰ ਹਾਲਤ ਵਿੱਚ ਹਨ। 2022 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਵੀ ਇਹੋ ਹਾਲਾਤ ਸਨ। ਭਗਵੰਤ ਮਾਨ ਨੇ ਕਿਹਾ ਕਿ ਹਾਲਾਤ ਤਾਂ ਹੀ ਬਦਲ ਸਕਦੇ ਹਨ, ਜੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਸੱਤਾ ਵਿੱਚ ਆਏਗੀ।

ਪੰਜਾਬ ਵਿੱਚ ਆਮ ਆਦਮੀ ਸਰਕਾਰ ਦੀਆਂ ਮਿਸਾਲੀ ਪਹਿਲਕਦਮੀਆਂ ਗਿਣਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਜੁਲਾਈ ਤੋਂ ਪੰਜਾਬ ਸਰਕਾਰ ਹਰੇਕ ਬਿੱਲ ਉਤੇ ਲੋਕਾਂ ਨੂੰ 600 ਯੂਨਿਟ ਬਿਜਲੀ ਮੁਫ਼ਤ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਤੀਜੇ ਵਜੋਂ ਕੁੱਲ 72.66 ਲੱਖ ਵਿੱਚੋਂ ਲਗਭਗ 50 ਲੱਖ ਘਰਾਂ ਨੂੰ ਸਤੰਬਰ ਮਹੀਨੇ ਦਾ ਬਿਜਲੀ ਦਾ ਬਿੱਲ ਜ਼ੀਰੋ ਆਇਆ ਹੈ, ਜੋ ਕੁੱਲ ਗਿਣਤੀ ਦਾ 68.81 ਫੀਸਦੀ ਬਣਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸੇ ਤਰ੍ਹਾਂ ਪਿਛਲੇ ਛੇ ਮਹੀਨਿਆਂ ਵਿੱਚ ਹੁਣ ਤੱਕ 17 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆਂ ਕੀਤੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ, ਨੌਕਰੀਆਂ ਵਿੱਚ ਦਮਨਕਾਰੀ ਠੇਕੇਦਾਰੀ ਪ੍ਰਣਾਲੀ ਵਿਰੁੱਧ ਹੈ, ਜਿਸ ਕਾਰਨ ਸੂਬੇ ਵਿੱਚ 30 ਹਜ਼ਾਰ ਤੋਂ ਵੱਧ ਠੇਕੇ ਉਤੇ ਰੱਖੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਪੱਕਾ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਦੀ ਸ਼ੁਰੂਆਤ ਕੀਤੀ ਹੈ, ਜਿਸ ਦੀ ਮਦਦ ਨਾਲ ਭ੍ਰਿਸ਼ਟ ਤੱਤਾਂ ਨੂੰ ਸਲਾਖਾਂ ਪਿੱਛੇ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇਮਾਨਦਾਰ ਸਰਕਾਰ ਹੀ ਅਜਿਹੀਆਂ ਮਿਸਾਲੀ ਤੇ ਲੋਕ ਪੱਖੀ ਪਹਿਲਕਦਮੀਆਂ ਕਰ ਸਕਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬੇਸਹਾਰਾ ਪਸ਼ੂਆਂ ਦੀ ਸਮੱਸਿਆ ਨਾਲ ਵਧੀਆ ਤਰੀਕੇ ਨਾਲ ਸਿੱਝਣ ਲਈ ਸੂਬਾ ਸਰਕਾਰ ਨੇ ਗਊ ਸੇਵਾ ਕਮਿਸ਼ਨ ਨੂੰ ਮਜ਼ਬੂਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਜਿੱਥੇ ਇਕ ਪਾਸੇ ਬੇਸਹਾਰਾ ਪਸ਼ੂਆਂ ਦੀ ਹਾਦਸਿਆਂ ਵਿੱਚ ਜਾਂਦੀ ਜਾਨ ਬਚਾਉਣਾ ਹੈ, ਉਥੇ ਦੂਜੇ ਪਾਸੇ ਗਊਆਂ ਦੀ ਸਾਂਭ-ਸੰਭਾਲ ਯਕੀਨੀ ਬਣਾਉਣਾ ਹੈ। ਭਗਵੰਤ ਮਾਨ ਨੇ ਕਿਹਾ ਕਿ ਗਊਆਂ ਦੀ ਭਲਾਈ ਲਈ ਗਊ ਸੈੱਸ ਦੀ ਤਰਕਸੰਗਤ ਵਰਤੋਂ ਯਕੀਨੀ ਬਣਾਉਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ।

# ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ 50 ਲੱਖ ਰੁਪਏ ਦੀ ਰਿਸ਼ਵਤ ਦੇਣ ਦੇ ਦੋਸ਼ ਹੇਠ ਗ੍ਰਿਫਤਾਰ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ): ਵਿਜੀਲੈਂਸ ਬਿਊਰੋ ਪੰਜਾਬ ਨੇ ਦੇਰ ਰਾਤ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਜਦੋਂ ਉਹ ਬਿਊਰੋ ਦੇ ਇੱਕ ਸਹਾਇਕ ਇੰਸਪੈਕਟਰ ਜਨਰਲ (ਏ.ਆਈ.ਜੀ.) ਨੂੰ 50 ਲੱਖ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕਰ ਰਿਹਾ ਸੀ।

ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਪੰਜਾਬ ਦੇ ਮੁੱਖ ਨਿਰਦੇਸ਼ਕ ਸ੍ਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਇਸ ਸਬੰਧੀ ਸਾਬਕਾ ਮੰਤਰੀ ਖਿਲਾਫ ਵਿਜੀਲੈਂਸ ਬਿਊਰੋ ਦੇ ਏ.ਆਈ.ਜੀ. ਉਡਣ ਦਸਤਾ, ਪੰਜਾਬ, ਮਨਮੋਹਨ ਕੁਮਾਰ ਦੇ ਬਿਆਨਾਂ 'ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 8 ਅਧੀਨ ਐਫ.ਆਈ.ਆਰ ਨੰਬਰ 19, ਮਿਤੀ 15-10-2022 ਨੂੰ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਹੈ।












# ਪਾਣੀਆਂ ਦੇ ਮੁੱਦੇ ਉੱਤੇ ਪਿਛਲੀਆਂ ਭੁੱਲਾਂ ਸੁਧਾਰਨ ਦਾ ਮੌਕਾ ਇਹੀ ਹੈ, ਜੇ ਸੁਧਾਰ ਲਈਆਂ ਜਾਣ ਤਾਂ...

ਜਤਿੰਦਰ ਪਨੂੰ ਦੀ ਕਲਮ ਤੋਂ

ਪੰਜਾਬ ਵਿੱਚੋਂ ਕੱਢ ਕੇ ਵੱਖਰਾ ਰਾਜ ਹਰਿਆਣਾ ਸਾਲ 1966 ਵਿੱਚ ਬਣਾਇਆ ਗਿਆ ਸੀ ਤੇ ਉਸ ਵੇਲੇ ਤੋਂ ਇਨ੍ਹਾਂ ਦੋਵਾਂ ਰਾਜਾਂ ਵਿੱਚ ਦਰਿਆਈ ਪਾਣੀਆਂ ਦੇ ਮੁੱਦੇ ਤੋਂ ਖਿੱਚੋਤਾਣ ਚੱਲੀ ਰਹੀ ਹੈ। ਬੀਤਿਆ ਚੌਦਾਂ ਅਕਤੂਬਰ ਇਸ ਮਾਮਲੇ ਵਿੱਚ ਇੱਕ ਨਵੇਂ ਮੋੜ ਦਾ ਪ੍ਰਤੀਕ ਬਣ ਗਿਆ, ਜਿਸ ਦਿਨ ਪੰਜਾਬ ਤੇ ਹਰਿਆਣੇ ਦੇ ਮੁੱਖ ਮੰਤਰੀਆਂ ਵਿਚਾਲੇ ਬੈਠਕ ਹੋਈ ਤੇ ਇਹ ਬੈਠਕ ਆਮ ਨਾ ਰਹਿ ਕੇ ਖਾਸ ਹੋ ਗਈ। ਪਿਛਲੇ ਸਮੇਂ ਵਿੱਚ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਅਧਿਕਾਰੀਆਂ ਵਿਚਾਲੇ ਜਿੰਨੀਆਂ ਵੀ ਬੈਠਕਾਂ ਹੋਈਆਂ ਸਨ, ਉਨ੍ਹਾਂ ਦੌਰਾਨ ਅੰਦਰ ਕੀ ਹੁੰਦਾ ਰਿਹਾ, ਬੁੱਕਲ ਵਿੱਚ ਗੁੜ ਦੀ ਰੋੜੀ ਭੰਨਣ ਵਾਂਗ ਗੁਪਤ ਜਿਹਾ ਹੁੰਦਾ ਸੀ ਤੇ ਸਾਰੇ ਵੇਰਵੇ ਬਾਹਰ ਨਹੀਂ ਸੀ ਆਉਂਦੇ। ਇਸ ਵਾਰ ਦੀ ਮੀਟਿੰਗ ਮਗਰੋਂ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਨੇ ਖੜੇ ਪੈਰ ਮੀਡੀਏ ਕੋਲ ਸਾਰੇ ਵੇਰਵੇ ਏਦਾਂ ਪੇਸ਼ ਕਰ ਦਿੱਤੇ, ਜਿਵੇਂ ਅੰਦਰ ਕੀਤੀ ਗਈ ਗੱਲਬਾਤ ਦੇ ਜੋਤਰੇ ਦੀ ਦੋਹਰ ਪਾ ਰਹੇ ਹੋਣ। ਕਿਸੇ ਹੋਰ ਦੇ ਲਈ ਅੰਦਾਜ਼ੇ ਲਾਉਣ ਦਾ ਕੰਮ ਹੀ ਨਹੀਂ ਸੀ ਛੱਡਿਆ। ਪੰਜਾਬ ਦੇ ਪਿਛਲੇ ਸਭ ਮੁੱਖ ਮੰਤਰੀ ਏਦਾਂ ਦੀਆਂ ਮੀਟਿੰਗਾਂ ਵਿੱਚ ਜਿਸ ਢੰਗ ਨਾਲ ਮੁੱਦਾ ਪੇਸ਼ ਕਰਦੇ ਰਹੇ ਸਨ, ਉਹ ਸਭ ਪਿੱਛੇ ਰਹਿ ਗਿਆ ਤੇ ਨਵੇਂ ਮੁੱਖ ਮੰਤਰੀ ਨੇ ਪੰਜਾਬ ਦਾ ਪੱਖ ਇਸ ਤਰ੍ਹਾਂ ਪੇਸ਼ ਕੀਤਾ, ਜਿੱਦਾਂ ਕਦੇ ਹੋਇਆ ਹੀ ਨਹੀਂ ਸੀ।

ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਸਾਰਾ ਜ਼ੋਰ ਇਸ ਗੱਲ ਉੱਤੇ ਰਿਹਾ ਕਿ ਸੁਪਰੀਮ ਕੋਰਟ ਵੱਲੋਂ ਨਹਿਰ ਬਣਾਉਣ ਨੂੰ ਕਿਹਾ ਜਾ ਚੁੱਕਾ ਹੋਣ ਕਾਰਨ ਪਾਣੀ ਦੀ ਵੰਡ ਦਾ ਮੁੱਦਾ ਪਿੱਛੋਂ ਵਿਚਾਰ ਲਿਆ ਜਾਵੇਗਾ, ਨਹਿਰ ਵਾਲਾ ਮੁੱਦਾ ਪਹਿਲਾਂ ਸਿਰੇ ਲਾ ਲਿਆ ਜਾਵੇ। ਪੰਜਾਬ ਦੇ ਮੁੱਖ ਮੰਤਰੀ ਦੀ ਸਿੱਧੀ ਦਲੀਲ ਇਹੋ ਸੀ ਕਿ ਨਹਿਰ ਤਦੇ ਬਣਾਈਏ, ਜੇ ਪਾਣੀ ਵਗਣਾ ਹੋਵੇ, ਪੰਜਾਬ ਕੋਲ ਜਦੋਂ ਵਾਧੂ ਪਾਣੀ ਹੀ ਨਹੀਂ ਤਾਂ ਨਹਿਰ ਬਣਾਉਣ ਦੀ ਲੋੜ ਨਹੀਂ ਰਹਿੰਦੀ। ਇਹ ਗੱਲ ਨਵੀਂ ਨਹੀਂ ਸੀ, ਪੰਜਾਬ ਦੇ ਪਿਛਲੇ ਮੁੱਖ ਮੰਤਰੀਆਂ ਨੇ ਵੀ ਕਈ ਵਾਰੀ ਕਹੀ ਹੋਈ ਸੀ। ਸਮੱਸਿਆ ਦੇ ਮੁੱਢਲੇ ਸਾਲਾਂ ਵਿੱਚ ਉਹ ਨਹੀਂ ਸਨ ਕਹਿੰਦੇ, ਸੁਪਰੀਮ ਕੋਰਟ ਦੇ ਫੈਸਲੇ ਦੀਆਂ ਸੱਟਾਂ ਖਾਣ ਪਿੱਛੋਂ ਕਹਿਣ ਲੱਗੇ ਸਨ। ਪੰਜਾਬ ਦੇ ਅਜੋਕੇ ਮੁੱਖ ਮੰਤਰੀ ਨੇ ਇਹ ਗੱਲ ਕਹਿਣ ਵੇਲੇ ਮਸਲੇ ਦੀ ਜੜ੍ਹ ਪੰਜਾਬ ਤੋਂ ਵੱਖਰਾ ਹਰਿਆਣਾ ਬਣਾਉਣ ਨਾਲ ਜਾ ਜੋੜੀ ਤੇ ਫਿਰ ਉਹ ਗੱਲਾਂ ਛੇੜ ਦਿੱਤੀਆਂ, ਜਿਨ੍ਹਾਂ ਦੀ ਮੀਡੀਏ ਵਿੱਚ ਵੀ ਇਸ ਤੋਂ ਪਹਿਲਾਂ ਕਦੇ ਚਰਚਾ ਨਹੀਂ ਸੀ ਹੋਈ।

## ਸਾਂਝੇ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ ਗਿਣਿਆ ਜਾਣਾ ਚਾਹੀਦਾ ਸੀ

ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਗੱਲ ਇਹ ਕਹਿ ਦਿੱਤੀ ਕਿ ਜਦੋਂ ਪੰਜਾਬ ਤੇ ਹਰਿਆਣਾ ਵਿਚਾਲੇ ਪਾਣੀ ਦੀ ਵੰਡ ਕੀਤੀ ਜਾਣ ਲੱਗੀ ਸੀ, ਓਦੋਂ ਸਾਂਝੇ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ ਗਿਣਿਆ ਜਾਣਾ ਚਾਹੀਦਾ ਸੀ, ਪਰ ਸਾਡੇ ਵਾਲੇ ਪਾਸੇ ਦੇ ਸਤਲੁਜ, ਬਿਆਸ ਅਤੇ ਰਾਵੀ ਗਿਣ ਕੇ ਯਮਨਾ ਗਿਣਿਆ ਹੀ ਨਹੀਂ ਗਿਆ। ਅਸਲ ਵਿੱਚ ਯਮਨਾ ਦਰਿਆ ਓਦੋਂ ਸਾਂਝੇ ਪੰਜਾਬ ਵਿੱਚ ਵਗਦਾ ਸੀ, ਜਿਹੜਾ ਅੱਜ ਵੀ ਸਾਂਝੇ ਪੰਜਾਬ ਤੋਂ ਕੱਟ ਕੇ ਵੱਖਰੇ ਬਣਾਏ ਹਰਿਆਣੇ ਵਿੱਚ ਵਗਦਾ ਹੈ, ਇਸ ਕਰ ਕੇ ਰਾਇਪੇਰੀਅਨ ਕਾਨੂੰਨ ਹੇਠ ਓਦੋਂ ਯਮਨਾ ਦਾ ਪਾਣੀਸਾਂਝੇ ਪਾਣੀਆਂ ਵਿੱਚ ਗਿਣ ਲਿਆ ਜਾਣਾ ਚਾਹੀਦਾ ਸੀ, ਪਰ ਗਿਣਿਆ ਨਹੀਂ ਸੀ ਗਿਆ। ਇਹ ਪੰਜਾਬ ਨਾਲ ਉਸ ਵੇਲੇ ਕੀਤੀ ਗਈ ਪਹਿਲੀ ਜ਼ਿਆਦਤੀ ਸੀ। ਉਸ ਦੇ ਬਾਅਦ ਐਮਰਜੈਂਸੀ ਦੌਰਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਣੀਆਂ ਬਾਰੇ ਜਿਹੜਾ ਹੁਕਮ ਦੇ ਦਿੱਤਾ ਅਤੇ ਪੰਜਾਬ ਦੇ ਓਦੋਂ ਦੇ ਕਾਂਗਰਸੀ ਰਾਜ-ਕਰਤਿਆਂ ਨੇ ਮੰਨ ਲਿਆ, ਉਹ ਇਸ ਰਾਜ ਨਾਲ ਦੂਸਰੀ ਜ਼ਿਆਦਤੀ ਸੀ। ਫਿਰ ਪੰਜਾਬ ਦੇ ਨਾਲ ਤੀਸਰੀ ਜ਼ਿਆਦਤੀ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੱਲੋਂ ਪਾਣੀ ਦੇਣ ਲਈ ਸਤਲੁਜ ਯਮਨਾ ਨਹਿਰ ਬਣਾਉਣ ਲਈ ਹਰਿਆਣੇ ਤੋਂ ਆਇਆ ਇੱਕ ਕਰੋੜ ਰੁਪਏ ਦਾ ਚੈੱਕ ਪ੍ਰਵਾਨ ਕਰਨ ਦੀ ਗਲਤੀ ਨੇ ਕਰਵਾਈ। ਉਸ ਪਿੱਛੋਂ ਅਕਾਲੀ ਦਲ ਤੇ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਹੀ ਨਹਿਰ ਬਣਾਉਣ ਲਈ ਹਰਿਆਣੇ ਨੂੰ ਇਹ ਚਿੱਠੀ ਲਿਖ ਦਿੱਤੀ ਕਿ ਇੱਕ ਕਰੋੜ ਥੋੜ੍ਹਾ ਹੈ, ਤਿੰਨ ਕਰੋੜ ਰੁਪਏ ਭੇਜੇ ਜਾਣ ਅਤੇ ਅੱਗੋਂ ਹਰਿਆਣੇ ਵੱਲੋਂ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਦੀ ਸਰਕਾਰ ਨੇ ਇੱਕ ਕਰੋੜ ਰੁਪਏ ਹੋਰ ਭੇਜ ਦਿੱਤੇ ਸਨ। ਉਸ ਵਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਇਸ ਦਾ ਵਿਰੋਧ ਕਰ ਦਿੱਤਾ ਤਾਂ ਪੰਜਾਬ ਸਰਕਾਰ ਨੇ ਇਸ ਮੁੱਦੇ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਜਾ ਦਿੱਤੀ, ਵਰਨਾ ਗੱਲ ਦੱਬੀ ਰਹਿਣੀ ਸੀ। ਪੰਜਾਬ ਦੇ ਉਸ ਵੇਲੇ ਦੇ ਇਨ੍ਹਾਂ ਦੋ ਮੁੱਖ ਮੰਤਰੀਆਂ ਦੇ ਇਨ੍ਹਾਂ ਕਦਮਾਂ ਦੀ ਸਜ਼ਾ ਪੰਜਾਬ ਅਜੇ ਤੱਕ ਭੁਗਤ ਰਿਹਾ ਹੈ। ਕਾਂਗਰਸ ਤੇ ਅਕਾਲੀ ਦਲ ਦੇ ਜਿਹੜੇ ਆਗੂ ਅੱਜ ਰਾਇਪੇਰੀਅਨ ਕਾਨੂੰਨ ਅਨੁਸਾਰ ਮਸਲਾ ਹੱਲ ਕਰਨ ਦੀ ਦੁਹਾਈ ਪਾਉਂਦੇ ਹਨ, ਜੇ ਉਸ ਵਕਤ ਉਨ੍ਹਾਂ ਨੇ ਯਮਨਾ ਦਰਿਆ ਨੂੰ ਇਸ ਕਾਨੂੰਨ ਨਾਲ ਜੋੜਿਆ ਹੁੰਦਾ ਤਾਂ ਸਮੱਸਿਆ ਏਨੀ ਗੰਭੀਰ ਨਹੀਂ ਸੀ ਹੋਣੀ।

## ਹਰਿਆਣਾ ਕੋਲ ਪਾਣੀ ਪਹਿਲਾਂ ਹੀ ਪੰਜਾਬ ਤੋਂ ਵੱਧ ਪਾਣੀ

ਅਗਲੀ ਗੱਲ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਚੁੱਕੀ ਕਿ ਪੰਜਾਬ ਦੇ ਘੱਗਰ ਅਤੇ ਕਈ ਹੋਰ ਛੋਟੇ ਵੱਡੇ ਪਾਣੀ ਦੇ ਸਰੋਤ ਹਰਿਆਣੇ ਤੇ ਪੰਜਾਬ ਦੋਵਾਂ ਵਿੱਚੋਂ ਵਗਦੇ ਹਨ। ਉਨ੍ਹਾਂ ਦਾ ਪਾਣੀ ਵੀ ਤੇ ਹਰਿਆਣਾ ਤੋਂ ਲੰਘਦੇ ਕੁਝ ਹੋਰ ਸਰੋਤਾਂ ਦਾ ਪਾਣੀ ਵੀ ਹਰਿਆਣੇ ਨੂੰ ਮਿਲਣ ਨਾਲ ਉਸ ਕੋਲ ਪਾਣੀ ਪਹਿਲਾਂ ਹੀ ਪੰਜਾਬ ਤੋਂ ਵੱਧ ਪਾਣੀ ਹੈ, ਉਸ ਦਾ ਖੇਤੀ ਵਾਲਾ ਰਕਬਾ ਘੱਟ ਅਤੇ ਪਾਣੀ ਵੱਧ ਹੋਣ ਦੇ ਉਲਟ ਪੰਜਾਬ ਕੋਲ ਪਾਣੀ ਘੱਟ ਅਤੇ ਖੇਤੀ ਰਕਬਾ ਵੱਧ ਹੋਣ ਕਾਰਨ ਪੰਜਾਬ ਆਪਣਾ ਬੁੱਤਾ ਹੀ ਸਾਰਨ ਜੋਗਾ ਨਹੀਂ, ਹਰਿਆਣੇ ਜਾਂ ਕਿਸੇ ਹੋਰ ਨੂੰ ਪਾਣੀ ਕਿੱਥੋਂ ਦੇ ਸਕਦਾ ਹੈ? ਉਸ ਨੇ ਹਰਿਆਣੇ ਅਤੇ ਕੇਂਦਰ ਸਰਕਾਰ ਲਈ ਇਹ ਮੁੱਦਾ ਖੜਾ ਕਰ ਦਿੱਤਾ ਕਿ ਨਿਯਮਾਂ ਮੁਤਾਬਕ ਪਾਣੀ ਦੇ ਸਰੋਤਾਂ ਦੀ ਮਿਣਤੀ ਹਰ ਪੰਝੀ ਸਾਲਾਂ ਪਿੱਛੋਂ ਕੀਤੀ ਜਾਣੀ ਚਾਹੀਦੀ ਹੈ, ਪਰ ਪੰਜਾਬ ਅਤੇ ਹਰਿਆਣੇ ਵਿੱਚ ਪਾਣੀਆਂ ਦੀ ਤਾਜ਼ਾ ਮਿਣਤੀ ਦਾ ਵਿਚਾਰ ਕੀਤੇ ਬਿਨਾਂ ਇੰਦਰਾ ਗਾਂਧੀ ਵੱਲੋਂ ਦਿੱਤਾ ਸਾਲ 1981 ਦਾ ਇਕਤਾਲੀ ਸਾਲ ਪੁਰਾਣਾ ਐਵਾਰਡ ਹੀ ਠੋਸਿਆ ਜਾ ਰਿਹਾ ਹੈ। ਓਦੋਂ ਪੰਜਾਬ ਦੇ ਖੂਹਾਂ ਵਿੱਚ ਅੱਠ ਫੁੱਟ ਉੱਤੇ ਪਾਣੀ ਹੁੰਦਾ ਸੀ, ਟਿਊਬਵੈੱਲ ਮਸਾਂ ਦਸ-ਵੀਹ ਫੁੱਟੇ ਡੂੰਘੇ ਲਾਉਣੇ ਕਾਫੀ ਸਨ ਅਤੇ ਅੱਜ ਢਾਈ ਸੌ ਫੁੱਟ ਹੇਠਾਂ ਜਾ ਕੇ ਪਾਣੀ ਨਿਕਲਦਾ ਹੈ। ਦਰਿਆਵਾਂ ਵਿੱਚ ਵੀ ਪਾਣੀ ਦਾ ਵਹਿਣ ਉਸ ਵੇਲੇ ਜਿੰਨਾ ਨਹੀਂ ਰਿਹਾ ਤੇ ਜਦੋਂ ਪਾਣੀ ਦੇ ਸਰੋਤ ਸੁੱਕਦੇ ਜਾਂਦੇ ਹਨ ਤਾਂ ਕੁਝ ਨਵੇਂ ਸਰੋਤ ਲੱਭਣ ਦੀ ਲੋੜ ਹੈ, ਪੁਰਾਣਾ ਫਾਰਮੂਲਾ ਵਰਤਣ ਨਾਲ ਤਾਂ ਪੰਜਾਬ ਮਾਰੂਥਲ ਬਣ ਜਾਵੇਗਾ, ਇਸ ਪੰਜਾਬ-ਮਾਰੂ ਸੋਚ ਨੂੰ ਪ੍ਰਵਾਨ ਹੀ ਨਹੀਂ ਕੀਤਾ ਜਾ ਸਕਦਾ।

## ਸ਼ਾਰਦਾ-ਯਮਨਾ ਲਿੰਕ ਨਹਿਰ ਬਣਾ ਲੈਣ ਨਾਲ ਸਾਰਾ ਮਸਲਾ ਹੱਲ ਹੋ ਸਕਦਾ ਹੈ

ਆਖਰੀ ਗੱਲ ਇਹ ਕਿ ਪਿਛਲੇ ਵੀਹ ਸਾਲਾਂ ਤੋਂ ਇੱਕ ਗੱਲ ਉੱਤੇ ਇਨ੍ਹਾਂ ਸਤਰਾਂ ਦਾ ਲੇਖਕ ਵੀ ਤੇ ਪ੍ਰਸਿੱਧ ਵਕੀਲ ਐੱਚ ਐੱਸ ਫੂਲਕਾ ਵੀ ਜ਼ੋਰ ਦੇਂਦੇ ਰਹੇ ਸਨ, ਪਰ ਕਿਸੇ ਨੇ ਵਿਚਾਰੀ ਤੱਕ ਨਹੀਂ ਸੀ। ਸਾਡੀ ਰਾਏ ਸੀ ਕਿ ਅੜਿੱਕੇ ਵਾਲੀ 'ਐੱਸ ਵਾਈ ਐੱਲ' (ਸਤਲੁਜ-ਯਮਨਾ ਲਿੰਕ) ਨਹਿਰ ਨੂੰ ਛੱਡ ਕੇ ਦੂਸਰੀ 'ਐੱਸ ਵਾਈ ਐੱਲ' (ਸ਼ਾਰਦਾ-ਯਮਨਾ ਲਿੰਕ) ਨਹਿਰ ਬਣਾ ਲੈਣ ਨਾਲ ਸਾਰਾ ਮਸਲਾ ਹੱਲ ਹੋ ਸਕਦਾ ਹੈ। ਜਦੋਂ ਇੰਦਰਾ ਗਾਂਧੀ ਨੇ ਪੰਜਾਬ ਦੇ ਪਾਣੀ ਹਰਿਆਣਾ ਨੂੰ ਦੇਣ ਦਾ ਹੁਕਮ ਦਾਗਿਆ ਸੀ, ਉਨ੍ਹਾਂ ਦਿਨਾਂ ਵਿੱਚ ਓਸੇ ਪ੍ਰਧਾਨ ਮੰਤਰੀ ਨੇ ਭਾਰਤ ਦੇ ਕੁਝ ਦਰਿਆ ਜੋੜਨ ਦੇ ਲਈ ਇੱਕ ਸਰਵੇ ਵੀ ਕਰਾਇਆ ਸੀ, ਜਿਸ ਵਿੱਚ ਹਿਮਾਲੀਅਨ ਕੰਪੋਨੈਂਟ ਵਿੱਚ ਵਿਚਾਰੇ ਗਏ ਚੌਦਾਂ ਪ੍ਰਜੈਕਟਾਂ ਵਿੱਚ ਇਹ ਸ਼ਾਰਦਾ-ਯਮਨਾ ਪ੍ਰਾਜੈਕਟ ਪੰਜਵਾਂ ਸੀ। ਉਸ ਵੇਲੇ ਦੀ ਬਣਾਈ ਹੋਈ ਰਿਪੋਰਟ ਅਟਲ ਬਿਹਾਰੀ ਦੀ ਸਰਕਾਰ ਦੇ ਸਮੇਂ ਵਿਚਾਰਨ ਦੇ ਬਾਅਦ ਪਾਸ ਕਰ ਦਿੱਤੀ ਗਈ ਅਤੇ ਉਸ ਵਿੱਚੋਂ ਕਈ ਪ੍ਰਾਜੈਕਟਾਂ ਉੱਤੇ ਕੰਮ ਵੀ ਹੋ ਚੁੱਕਾ ਹੈ, ਪਰ ਸ਼ਾਰਦਾ-ਯਮਨਾ ਲਿੰਕ ਬਾਰੇ ਕਦੀ ਕਿਸੇ ਗੱਲ ਹੀ ਨਹੀਂ ਛੇੜੀ। ਸ਼ਾਰਦਾ-ਯਮਨਾ ਪ੍ਰਾਜੈਕਟ ਹੇਠ ਨੇਪਾਲ ਤੋਂ ਆਉਂਦੀ ਮਹਾਕਾਲੀ ਨਦੀ, ਜਿਸ ਨੂੰ ਭਾਰਤ ਵਿੱਚ ਸ਼ਾਰਦਾ ਨਦੀ ਵਜੋਂ ਜਾਣਿਆ ਜਾਂਦਾ ਹੈ, ਦਾ ਪਾਣੀ ਲਿਆ ਕੇ ਉਸ ਵਿੱਚ ਰਾਮ-ਗੰਗਾ, ਅੱਪਰ ਗੰਗਾ ਅਤੇ ਯਮਨਾ ਦੇ ਸਬ-ਬੇਸਿਨ ਦਾ ਪਾਣੀ ਜੋੜ ਕੇ ਇੱਕ ਨਹਿਰ ਬਣਾਉਣੀ ਤੇ ਸਾਰਾ ਪਾਣੀ ਯਮਨਾ ਦਰਿਆ ਵਿੱਚ ਪਾਇਆ ਜਾਣਾ ਸੀ। ਇਸ ਦੀ ਵਰਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚੋਂ ਸ਼ੁਰੂ ਹੋਣੀ ਅਤੇ ਯਮਨਾ ਵਿੱਚ ਪੈਣ ਮਗਰੋਂ ਹਰਿਆਣਾ, ਦਿੱਲੀ, ਰਾਜਸਥਾਨ ਤੇ ਗੁਜਰਾਤ ਤੱਕ ਕਰਨੀ ਸੋਚੀ ਗਈ ਸੀ। ਜਿਹੜਾ ਪ੍ਰਾਜੈਕਟ ਕਾਂਗਰਸ ਦੀ ਆਗੂ ਇੰਦਰਾ ਗਾਂਧੀ ਨੇ ਤਿਆਰ ਕਰਵਾਇਆ ਤੇ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੇ ਪਾਸ ਕੀਤਾ ਸੀ, ਉਸ ਨੂੰ ਨਾਂ ਕਾਂਗਰਸੀਆਂ ਨੇ ਕਦੀ ਗੌਲਿਆ ਤੇ ਨਾ ਭਾਜਪਾ ਜਾਂ ਉਨ੍ਹਾਂ ਦੇ ਸਾਥੀ ਰਹੇ ਅਕਾਲੀਆਂ ਨੇ ਵਿਚਾਰਨ ਦੀ ਲੋੜ ਸਮਝੀ। ਉਹ ਮੁੱਦਾ ਇਸ ਵਾਰੀ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਵਾਰੀ ਉਠਾਇਆ ਅਤੇ ਕਿਹਾ ਕਿ ਪੰਜਾਬ ਤੋਂ ਪਾਣੀ ਮੰਗਣ ਦੀ ਥਾਂ ਉਸ ਪ੍ਰਾਜੈਕਟ ਉੱਤੇ ਜ਼ੋਰ ਦੇਣਾ ਸ਼ੁਰੂ ਕਰੋ, ਤੁਹਾਨੂੰ ਪਾਣੀ ਮਿਲ ਜਾਵੇਗਾ ਅਤੇ ਪੰਜਾਬ ਨਾਲ ਰੇੜਕਾ ਵੀ ਖਤਮ ਹੋ ਜਾਵੇਗਾ। ਵਿਰੋਧੀ ਧਿਰਾਂ ਦੇ ਜਿਹੜੇ ਲੀਡਰ ਅੱਜ ਰਾਇਪੇਰੀਅਨ ਸਿਧਾਂਤ ਦੀ ਗੱਲ ਕਰ ਰਹੇ ਹਨ, ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਸ ਪ੍ਰਾਜੈਕਟ ਦੀ ਫਾਈਲ ਉਨ੍ਹਾਂ ਨੇ ਕਿਉਂ ਠੱਪ ਕਰੀ ਰੱਖੀ ਸੀ!



## ਹਰਿਆਣਾ ਸਰਕਾਰ ਨੇ ਕੌਸ਼ੱਲਿਆ ਡੈਮ ਬਣਾਇਆ ਸੀ ਤਾਂ ਪੰਜਾਬ ਨੂੰ ਪੁੱਛਿਆ ਜਾਂ ਦੱਸਿਆ ਤੱਕ ਨਹੀਂ ਸੀ

ਮੁੱਖ ਮੰਤਰੀ ਭਗਵੰਤ ਮਾਨ ਨੇ ਮੀਡੀਏ ਕੋਲ ਇਹ ਵੀ ਕਿਹਾ ਕਿ ਪੰਜਾਬ ਵਿੱਚ ਵੜਨ ਤੋਂ ਪਹਿਲਾਂ ਘੱਗਰ ਦਰਿਆ ਉੱਪਰ ਹਰਿਆਣਾ ਸਰਕਾਰ ਨੇ ਕੌਸ਼ੱਲਿਆ ਡੈਮ ਬਣਾਇਆ ਸੀ ਤਾਂ ਪੰਜਾਬ ਨੂੰ ਪੁੱਛਿਆ ਜਾਂ ਦੱਸਿਆ ਤੱਕ ਨਹੀਂ ਸੀ, ਪਰ ਪੰਜਾਬ ਵਿੱਚ ਵਗਦੇ ਦਰਿਆਵਾਂ ਉੱਤੇ ਡੈਮ ਬਣਾਇਆ ਜਾਵੇ ਤਾਂ ਹਰਿਆਣਾ ਇਤਰਾਜ਼ ਕਰਦਾ ਹੈ। ਪਿਛਲੇ ਸਮਿਆਂ ਵਿੱਚ ਪੰਜਾਬ ਦੀਆਂ ਸਰਕਾਰਾਂ ਆਪਣੇ ਇਲਾਕੇ ਵਿੱਚ ਡੈਮ ਬਣਾਉਣ ਵੇਲੇ ਵੀ ਹਰਿਆਣਾ ਕੋਲੋਂ ਨੋ-ਆਬਜੈਕਸ਼ਨ ਮੰਗਦੀਆਂ ਰਹੀਆਂ ਹਨ, ਪਰ ਹਿਮਾਚਲ ਪ੍ਰਦੇਸ਼ ਨੇ ਪੰਜਾਬ ਵੱਲ ਆਉਂਦੇ ਦਰਿਆਵਾਂ ਉੱਤੇ ਡੈਮ ਬਣਾਏ ਤਾਂ ਪੰਜਾਬ ਸਰਕਾਰ ਕੋਲੋਂ ਕਦੇ ਨੋ-ਆਬਜੈਕਸ਼ਨ ਮੰਗਿਆ ਹੀ ਨਹੀਂ ਸੀ ਤੇ ਪੰਜਾਬ ਨੇ ਵੀ ਕਦੀ ਇਤਰਾਜ਼ ਨਹੀਂ ਸੀ ਕੀਤਾ। ਸਿੱਟਾ ਇਹ ਨਿਕਲਿਆ ਕਿ ਜਦੋਂ ਪੰਜਾਬ ਨੂੰ ਪਾਣੀ ਦੀ ਲੋੜ ਹੁੰਦੀ ਹੈ ਤਾਂ ਪਾਣੀ ਉਨ੍ਹਾਂ ਡੈਮਾਂ ਵਿੱਚ ਰੋਕਿਆ ਹੁੰਦਾ ਹੈ ਅਤੇ ਬਰਸਾਤਾਂ ਦੌਰਾਨ ਜਦੋਂ ਪੰਜਾਬ ਨੂੰ ਪਾਣੀ ਦੀ ਮਾਰ ਪੈਂਦੀ ਹੈ, ਓਦੋਂ ਉਨ੍ਹਾਂ ਉਤਲੇ ਡੈਮਾਂ ਦਾ ਪਾਣੀ ਛੱਡ ਦੇਣ ਨਾਲ ਭਾਖੜਾ ਡੈਮ ਦੇ ਦਰ ਖੋਲ੍ਹਣੇ ਪੈ ਜਾਂਦੇ ਹਨ ਤੇ ਪੰਜਾਬ ਵਿੱਚ ਹੜ੍ਹਾਂ ਦਾ ਖਤਰਾ ਵਧ ਜਾਂਦਾ ਹੈ। ਇਹ ਮਸਲਾ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਨੇ ਕਦੀ ਕਿਸੇ ਪੱਧਰ ਉੱਤੇ ਓਨੇ ਜ਼ੋਰ ਨਾਲ ਚੁੱਕਿਆ ਹੀ ਨਹੀਂ, ਜਿੱਦਾਂ ਚੁੱਕਿਆ ਜਾਣਾ ਚਾਹੀਦਾ ਸੀ।

## ਪੰਜਾਬ ਦੀ ਕਿਸੇ ਸਰਕਾਰ ਨੇ ਪੰਜਾਬ ਦਾ ਕੇਸ ਹੀ ਠੀਕ ਤਰ੍ਹਾਂ ਪੇਸ਼ ਨਹੀਂ ਸੀ ਕੀਤਾ

ਅਸਲ ਗੱਲ ਇਹ ਹੈ ਕਿ ਪੰਜਾਬ ਇਸ ਵੇਲੇ ਸੁਪਰੀਮ ਕੋਰਟ ਦੇ ਫੈਸਲਿਆਂ ਦੀਆਂ ਸੱਟਾਂ ਨਾਲ ਦੁਖੀ ਹੈ ਅਤੇ ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੀ ਕਿਸੇ ਸਰਕਾਰ ਨੇ ਪੰਜਾਬ ਦਾ ਕੇਸ ਹੀ ਠੀਕ ਤਰ੍ਹਾਂ ਪੇਸ਼ ਨਹੀਂ ਸੀ ਕੀਤਾ। ਹਰਿਆਣਾ ਰਾਜ ਬਣਾਏ ਜਾਣ ਸਮੇਂ ਰਾਇਪੇਰੀਅਨ ਸਿਧਾਂਤ ਅਨੁਸਾਰ ਯਮਨਾ ਦਰਿਆ ਸਾਂਝੇ ਪੰਜਾਬ ਦਾ ਹਿੱਸਾ ਹੋਣ ਕਾਰਨ ਪਾਣੀਆਂ ਬਾਰੇ ਵੰਡ ਵਿੱਚ ਉਸ ਨੂੰ ਗਿਣਿਆ ਨਹੀਂ ਗਿਆ ਤਾਂ ਇਹ ਸੁਪਰੀਮ ਕੋਰਟ ਨੂੰ ਦੱਸਿਆ ਜਾਣਾ ਸੀ। ਇਹ ਮੁੱਦਾ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਅੱਗੇ ਠੀਕ ਤਰ੍ਹਾਂ ਪੇਸ਼ ਕੀਤਾ ਜਾਂਦਾ ਤਾਂ ਸੁਪਰੀਮ ਕੋਰਟ ਇਸ ਪੱਖ ਨੂੰ ਕਦੀ ਵੀ ਵਿਚਾਰਨ ਬਿਨਾਂ ਅਣਗੌਲਿਆ ਨਹੀਂ ਸੀ ਕਰ ਸਕਦੀ। ਸ਼ੁਕਰ ਹੈ ਕਿ ਪਹਿਲੀ ਵਾਰੀ ਪੰਜਾਬ ਦਾ ਪੱਖ ਕਿਸੇ ਨੇ ਠੀਕ ਤਰ੍ਹਾਂ ਪੇਸ਼ ਕੀਤਾ ਹੈ, ਪਰ ਏਨਾ ਕਰਨਾ ਕਾਫੀ ਨਹੀਂ, ਅੱਗੋਂ ਇਹ ਕੇਸ ਏਸੇ ਪ੍ਰਸੰਗ ਵਿੱਚ ਸੁਪਰੀਮ ਕੋਰਟ ਵਿੱਚ ਰੱਖਣਾ ਅਤੇ ਬੀਤੇ ਸਮੇਂ ਵਿੱਚ ਹੋਏ ਫੈਸਲਿਆਂ ਦੇ ਪੁਨਰ-ਵਿਚਾਰ ਦੀ ਅਪੀਲ ਕੀਤੀ ਜਾਣੀ ਚਾਹੀਦੀ ਹੈ। ਉਸ ਅਪੀਲ ਵਿੱਚ ਯਮਨਾ ਦੇ ਪਾਣੀਆਂ ਦੀ ਗੱਲ ਇਕੱਲੀ ਨਹੀਂ, ਇਹ ਸਵਾਲ ਵੀ ਉਠਾਇਆ ਜਾਣਾ ਚਾਹੀਦਾ ਹੈ ਕਿ ਜਦੋਂ ਵਾਜਪਾਈ ਸਰਕਾਰ ਦੇ ਪਾਸ ਕੀਤੇ ਪ੍ਰਾਜੈਕਟਾਂ ਵਿੱਚੋਂ ਅੱਧੇ ਤੋਂ ਵੱਧ ਅਮਲ ਵਿੱਚ ਲਾਗੂ ਕਰ ਦਿੱਤੇ ਗਏ ਸਨ ਤਾਂ ਇਹ ਹੀ ਪ੍ਰਾਜੈਕਟ ਠੰਢੇ ਬਸਤੇ ਵਿੱਚ ਪਾ ਕੇ ਲੁਕਾਇਆ ਕਿਉਂ ਗਿਆ ਸੀ? ਇਹੀ ਨਹੀਂ, ਸੁਪਰੀਮ ਕੋਰਟ ਨੂੰ ਇਹ ਵੀ ਅਰਜ਼ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਦੇ ਪਾਣੀਆਂ ਦੇ ਸਰੋਤਾਂ ਦੀ ਨਵੇਂ ਸਿਰਿਉਂ ਮਿਣਤੀ ਕਰਾਉਣ ਤੋਂ ਪਹਿਲਾਂ ਕੋਈ ਫਤਵਾ ਨਾ ਦਿੱਤਾ ਜਾਵੇ ਤੇ ਇਸ ਵਾਰੀ ਇਹ ਕੇਸ ਦਿਲੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਉਸ ਤਰ੍ਹਾਂ ਰਸਮੀ ਕਾਰਵਾਈ ਨਹੀਂ ਹੋਣੀ ਚਾਹੀਦੀ, ਜਿਵੇਂ ਪਹਿਲਾਂ ਹਰ ਵਾਰ ਹੁੰਦੀ ਰਹੀ ਹੈ। ਪਿਛਲੀਆਂ ਭੁੱਲਾਂ ਸੁਧਾਰਨ ਦਾ ਮੌਕਾ ਇਹੀ ਜਾਪਦਾ ਹੈ, ਜੇ ਸੁਧਾਰ ਲਈਆਂ ਜਾਣ ਤਾਂ...!

# ਵੋਕੇਸ਼ਨਲ ਸਿੱਖਿਆ ਸਮੇਂ ਦੀ ਲੋੜ ਹੈ

ਵਿਜੈ ਗਰਗ

28% ਤੋਂ ਵੱਧ ਨੌਜਵਾਨਾਂ ਦੇ ਨਾਲ, ਭਾਰਤ ਵਿੱਚ ਵਿਸ਼ਵ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਹੈ। ਅੱਜ, ਭਾਰਤੀ ਸਿੱਖਿਆ ਪ੍ਰਣਾਲੀ ਨੌਜਵਾਨਾਂ ਦੇ ਅਕਾਦਮਿਕ ਵਿਕਾਸ ਲਈ ਆਦਰਸ਼ ਹੈ, ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਨੇ ਅਜੇ ਤੱਕ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ 'ਤੇ ਆਪਣਾ ਧਿਆਨ ਨਹੀਂ ਦਿੱਤਾ ਹੈ। ਇਸ ਲਈ, ਇੱਕ ਕਿੱਤਾ ਦਾ ਕੀ ਅਰਥ ਹੈ? ਕੀ ਅਕਾਦਮਿਕ ਸਿੱਖਿਆ ਇੱਕ ਸਫਲ ਕੈਰੀਅਰ ਦਾ ਇੱਕੋ ਇੱਕ ਰਸਤਾ ਹੈ? ਨਹੀਂ, ਇਹ ਜ਼ਰੂਰ ਨਹੀਂ ਹੈ। ਜੇ ਤੁਸੀਂ ਆਪਣੇ ਆਲੇ-ਦੁਆਲੇ ਨਜ਼ਰ ਮਾਰੋ, ਤਾਂ ਹਜ਼ਾਰਾਂ ਅਜਿਹੀਆਂ ਨੌਕਰੀਆਂ ਹਨ, ਜੋ ਭਾਰਤ ਵਿੱਚ ਅਕਾਦਮਿਕ ਸਿੱਖਿਆ ਦੇ ਖੇਤਰ ਤੋਂ ਬਾਹਰ ਹਨ, ਇਸ ਲਈ ਉਹਨਾਂ ਨੂੰ ਸਮਾਜਿਕ ਤੌਰ 'ਤੇ ਪਛਾਣਨ ਦੇ ਨਾਲ-ਨਾਲ ਉਹਨਾਂ ਨੂੰ ਆਰਥਿਕ ਤੌਰ 'ਤੇ ਵਧਣ ਵਿੱਚ ਮਦਦ ਕਰਨ ਲਈ, ਸਿਰਫ "ਵੋਕੇਸ਼ਨਲ ਸਿੱਖਿਆ" ਹੈ। ਆਓ ਹੁਣ ਉਨ੍ਹਾਂ ਜ਼ਮੀਨੀ ਹਕੀਕਤਾਂ ਬਾਰੇ ਗੱਲ ਕਰੀਏ ਜੋ ਸਿੱਖਿਆ ਦੇ ਬੋਲਚਾਲ ਦੀ ਲੋੜ ਨੂੰ ਉਕਸਾਉਂਦੀਆਂ ਹਨ। ਸਭ ਤੋਂ ਪਹਿਲਾਂ, ਪੇਂਡੂ ਵਿਦਿਆਰਥੀਆਂ ਲਈ ਉਹ ਸਿੱਖਿਆ ਬਰਦਾਸ਼ਤ ਕਰਨ ਲਈ ਪਹੁੰਚਯੋਗ ਨਹੀਂ ਹੈ ਜੋ ਆਮ ਤੌਰ 'ਤੇ ਕਸਬਿਆਂ ਦੇ ਵਿਦਿਆਰਥੀਆਂ ਲਈ ਉਪਲਬਧ ਹੁੰਦੀ ਹੈ। ਪੇਂਡੂ ਸਕੂਲਾਂ ਅਤੇ ਕਾਲਜਾਂ ਦਾ ਮਾੜਾ ਬੁਨਿਆਦੀ ਢਾਂਚਾ, ਜਾਤੀ ਕਾਰਕ, ਟਰਾਂਸਪੋਰਟ ਦਾ ਮੁੱਦਾ ਅਤੇ ਹੋਰ ਕਈ ਕਾਰਨਾਂ ਕਰਕੇ ਪੇਂਡੂ ਵਿਦਿਆਰਥੀਆਂ ਲਈ ਸਿੱਖਿਆ ਇੰਨੀ ਸੰਭਵ ਨਹੀਂ ਹੈ। ਭਾਵੇਂ ਉਹ ਸਕੂਲੀ ਸਿੱਖਿਆ ਪ੍ਰਾਪਤ ਕਰ ਲੈਂਦੇ ਹਨ, ਪਰ ਉਨ੍ਹਾਂ ਦੇ ਪਰਿਵਾਰਾਂ ਦੀ ਆਰਥਿਕ ਤੰਗੀ ਕਾਰਨ ਉੱਚ ਸਿੱਖਿਆ ਹਮੇਸ਼ਾ ਦੂਰ ਰਹਿੰਦੀ ਹੈ। ਇਨ੍ਹਾਂ ਸਾਰੀਆਂ ਸਥਿਤੀਆਂ ਵਿੱਚ ਉਨ੍ਹਾਂ ਦੀ ਸਕੂਲੀ ਸਿੱਖਿਆ ਤੋਂ ਬਾਅਦ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਨਾ ਹੀ



ਸਭ ਤੋਂ ਵਧੀਆ ਹੱਲ ਹੈ। ਇਸ ਦੀ ਬਜਾਇ, ਸਾਨੂੰ ਜਾਪਾਨੀ ਸਿੱਖਿਆ ਦੇ ਮਾਡਲਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਸ ਵਿੱਚ ਖੇਤੀਬਾੜੀ, ਵਣਜ, ਮੱਛੀ ਪਾਲਣ ਆਦਿ ਵਰਗੇ ਖੇਤਰਾਂ ਤੋਂ ਚੋਣਵੇਂ ਵਿਸ਼ਿਆਂ ਦੀ ਸ਼੍ਰੇਣੀ ਵਿੱਚ ਸਕੂਲ ਪੱਧਰ ਤੋਂ ਹੀ ਵੋਕੇਸ਼ਨਲ ਸਿੱਖਿਆ ਸ਼ੁਰੂ ਹੁੰਦੀ ਹੈ।

ਭਾਰਤ ਕੋਲ ਬੁਨਿਆਦੀ ਸਿੱਖਿਆ ਦੇ ਅੰਦਰ ਵੋਕੇਸ਼ਨਲ ਸਿੱਖਿਆ ਨੂੰ ਸ਼ਾਮਲ ਕਰਨ ਲਈ ਬਹੁਤ ਸਾਰੇ ਵਿਕਲਪਾਂ ਦੇ ਨਾਲ-ਨਾਲ ਸਰੋਤ ਵੀ ਹਨ। ਵਿਸ਼ਵ ਬੈਂਕ ਦੀ 2008 ਦੀ ਰਿਪੋਰਟ ਦੇ ਅਨੁਸਾਰ, ਭਾਰਤ ਕੋਲ 6800 ਸਕੂਲ ਹਨ, ਮੁੱਖ ਤੌਰ 'ਤੇ ਸਰਕਾਰੀ ਸਕੂਲ, ਜਿਨ੍ਹਾਂ ਨੇ ਕਿੱਤਾਮੁਖੀ ਸਿੱਖਿਆ ਯੋਜਨਾ ਦੇ ਤਹਿਤ 400,000 ਵਿਦਿਆਰਥੀ ਦਾਖਲ ਕੀਤੇ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਅੰਕੜਾ ਦਰਸਾਉਂਦਾ ਹੈ ਕਿ ਮੌਜੂਦਾ ਸਮੇਂ ਵਿੱਚ ਇਹਨਾਂ ਸੰਸਥਾਵਾਂ ਦੀ ਉਪਲਬਧ ਵਿਦਿਆਰਥੀ ਸਮਰੱਥਾ ਦਾ ਸਿਰਫ 40% ਹੀ ਵਰਤਿਆ ਜਾ ਰਿਹਾ ਹੈ। ਇਹ ਸਕੂਲ ਖੇਤੀਬਾੜੀ, ਮਨੁੱਖਤਾ, ਇੰਜੀਨੀਅਰਿੰਗ ਅਤੇ ਤਕਨਾਲੋਜੀ, ਗ੍ਰਹਿ ਵਿਗਿਆਨ, ਵਪਾਰ ਅਤੇ ਵਣਜ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ 100 ਤੋਂ ਵੱਧ ਕਿੱਤਾਮੁਖੀ ਕੋਰਸ ਪੇਸ਼ ਕਰਦੇ ਹਨ। ਜੇਕਰ ਇਸ ਰਕਮ ਨੂੰ ਅਮਲੀ ਰੂਪ ਵਿੱਚ ਵਰਤਿਆ ਜਾਵੇ, ਤਾਂ ਇਹ ਸਾਡੇ ਨੌਜਵਾਨਾਂ ਲਈ ਅਚੰਭੇ ਕਰ ਸਕਦਾ ਹੈ। ਕਿੱਤਾਮੁਖੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਖੇਤਰਾਂ ਦੇ ਸਬੰਧ ਵਿੱਚ, ਵੱਖ-ਵੱਖ ਵਿਕਲਪ ਹਨ।

ਮੋਟੇ ਤੌਰ 'ਤੇ ਖੇਤਰਾਂ ਵਿੱਚ ਪ੍ਰਾਹੁਣਚਾਰੀ ਉਦਯੋਗ, ਪਲੰਬਿੰਗ ਸਿਸਟਮ, ਲਾਇਬ੍ਰੇਰੀਅਨ, ਲੈਬ ਟੈਕਨੀਸ਼ੀਅਨ, ਇਲੈਕਟ੍ਰੀਸ਼ੀਅਨ, ਰੈਫ੍ਰਿਜਰੇਸ਼ਨ ਅਤੇ ਏਅਰ ਕੰਡੀਸ਼ਨਿੰਗ, ਅਤੇ ਹੋਰ ਬਹੁਤ ਸਾਰੇ ਸ਼ਾਮਲ ਹਨ। ਆਉ ਅਸੀਂ ਸੁੰਦਰਤਾ ਅਤੇ ਨਿੱਜੀ ਦੇਖਭਾਲ ਉਦਯੋਗ ਦੀ ਇੱਕ ਉਦਾਹਰਣ ਲਈਏ। ਅੱਜ, ਔਰਤਾਂ ਇੰਨੀਆਂ ਚੇਤੰਨ ਹਨ ਅਤੇ ਅਸਲ ਵਿੱਚ ਆਪਣੀ ਦੇਖਭਾਲ 'ਤੇ ਖਰਚ ਕਰਨ ਲਈ ਤਿਆਰ ਹਨ ਕਿ ਉਦਯੋਗ ਸਿਰਫ ਛਲਾਂਗ ਅਤੇ ਸੀਮਾਵਾਂ ਨਾਲ ਵਧਣ ਲਈ ਤਿਆਰ ਹੈ। ਅੱਜ-ਕੱਲ੍ਹ ਵਿੱਤੀ ਤੌਰ 'ਤੇ ਸੁਤੰਤਰ ਔਰਤਾਂ ਦੀ ਉੱਚ ਦਰ ਦੇ ਮੱਦੇਨਜ਼ਰ, ਉਨ੍ਹਾਂ ਲਈ ਇਹ ਸੇਵਾਵਾਂ ਪ੍ਰਾਪਤ ਕਰਨਾ ਬਹੁਤ ਸੰਭਵ ਹੈ। ਇਸ ਅਨੁਸਾਰ, ਇਸ ਸੈਕਟਰ ਵਿੱਚ ਸਿਖਿਅਤ ਪੇਸ਼ੇਵਰਾਂ ਦੀ ਵਧੇਰੇ ਲੋੜ ਹੈ ਜੋ ਬਦਲੇ ਵਿੱਚ ਇਸ ਉਦਯੋਗ ਵਿੱਚ ਸ਼ਾਮਲ ਹੋਣ ਦੀ ਇੱਛਾ ਰੱਖਣ ਵਾਲੇ ਲੋਕਾਂ ਨੂੰ ਕਿੱਤਾਮੁਖੀ ਸਿਖਲਾਈ ਪ੍ਰਦਾਨ ਕਰਨ ਦੀ ਮੰਗ ਕਰਦੀ ਹੈ। ਪੇਂਡੂ ਖੇਤਰਾਂ ਵਿੱਚ ਲੜਕੀਆਂ ਦੀ ਸੁਰੱਖਿਆ ਦਾ ਮੁੱਦਾ ਉਨ੍ਹਾਂ ਦੀ ਉੱਚ ਵਿੱਦਿਅਕ ਸਿੱਖਿਆ ਵਿੱਚ ਰੁਕਾਵਟ ਪੈਦਾ ਕਰਦਾ ਹੈ ਅਤੇ ਘਰਾਂ ਵਿੱਚ ਮਾਰਗਦਰਸ਼ਨ ਅਤੇ ਪ੍ਰੇਰਣਾ ਦੀ ਘਾਟ ਕਾਰਨ ਵੀ ਬਹੁਤ ਸਾਰੀਆਂ ਲੜਕੀਆਂ ਅੱਗੇ ਦੀ ਪੜ੍ਹਾਈ ਵਿੱਚ ਰੁਚੀ ਨਹੀਂ ਰੱਖਦੀਆਂ।

ਅਜਿਹੀ ਸਥਿਤੀ ਵਿੱਚ, ਉਨ੍ਹਾਂ ਨੂੰ ਅਜਿਹੀ ਕਿੱਤਾਮੁਖੀ ਸਿਖਲਾਈ ਦੇਣ ਨਾਲ ਹੁਨਰਮੰਦ ਮਨੁੱਖੀ ਸ਼ਕਤੀ ਦੇ ਨਾਲ ਉਦਯੋਗ ਨੂੰ ਹੁਲਾਰਾ ਮਿਲੇਗਾ ਅਤੇ ਇਨ੍ਹਾਂ ਪੇਂਡੂ ਲੜਕੀਆਂ ਲਈ, ਇਸ ਦਾ ਮਤਲਬ ਉਨ੍ਹਾਂ ਦੀ ਆਪਣੀ ਪਛਾਣ ਅਤੇ ਵਿੱਤੀ ਸੁਤੰਤਰ ਹੋਣਾ ਹੋਵੇਗਾ। ਹਾਲਾਂਕਿ ਸਰਕਾਰ ਬਣਾ ਰਹੀ ਹੈਗੰਭੀਰ ਕੋਸ਼ਿਸ਼ਾਂ ਅਤੇ ਨਵੀਆਂ ਪਹਿਲਕਦਮੀਆਂ ਕਰਨ ਦੇ ਨਾਲ-ਨਾਲ ਜੇਕਰ ਕਾਰਪੋਰੇਟ ਸੈਕਟਰ ਵੀ ਮਦਦ ਦੀ ਪੇਸ਼ਕਸ਼ ਕਰਦਾ ਹੈ, ਤਾਂ ਟੀਚਾ ਜਲਦੀ ਅਤੇ ਬਿਹਤਰ ਢੰਗ ਨਾਲ ਪੂਰਾ ਕੀਤਾ ਜਾਵੇਗਾ। ਕਾਰਪੋਰੇਟ ਜਗਤ ਨੂੰ ਆਪਣੇ ਸੀਐਸਆਰ ਨੂੰ ਮਹਿਸੂਸ ਕਰਨ ਅਤੇ ਆਪਣਾ ਸਰਵੋਤਮ ਦੇਣ ਦੀ ਲੋੜ ਹੈ। ਨੌਜਵਾਨਾਂ ਦੇ ਸਸ਼ਕਤੀਕਰਨ ਵਿੱਚ ਇਹ ਸਭ ਤੋਂ ਵੱਡਾ ਆਰਥਿਕ ਸਹਾਰਾ ਹੋਵੇਗਾ। ਪਰ, ਇੱਥੋਂ ਤੱਕ ਕਿ ਵਿੱਤੀ ਨਿਗਮ ਵੀ ਇਕੱਲਾ ਕਾਫੀ ਨਹੀਂ ਹੈ। ਵੋਕੇਸ਼ਨਲ ਸਿੱਖਿਆ ਨੂੰ ਪੂਰੀ ਤਰ੍ਹਾਂ ਸ਼ਾਮਲ ਕਰਨ ਲਈ, ਬਦਲਾਅ ਮੁੱਢਲੇ ਪੱਧਰ 'ਤੇ ਹੀ ਆਉਣਾ ਚਾਹੀਦਾ ਹੈ। ਭਾਰਤੀ ਸਮਾਜ ਵਿੱਚ, ਅਕਾਦਮਿਕ ਸਿੱਖਿਆ ਪ੍ਰਚਲਿਤ ਹੈ ਜਦੋਂ ਕਿ ਕਿੱਤਾਮੁਖੀ ਸਿੱਖਿਆ ਦਾ ਵਿਚਾਰ ਸਿਰਫ਼ ਉਹਨਾਂ ਲਈ ਰਾਖਵਾਂ ਹੈ ਜੋ ਜਾਂ ਤਾਂ ਅਕਾਦਮਿਕ ਸਿੱਖਿਆ ਵਿੱਚ ਘੱਟ ਪ੍ਰਦਰਸ਼ਨ ਕਰ ਰਹੇ ਹਨ ਜਾਂ ਜੋ ਆਰਥਿਕ ਤੌਰ 'ਤੇ ਹੇਠਲੇ ਵਰਗ ਨਾਲ ਸਬੰਧਤ ਹਨ।

# ਯਤੀਮਖਾਨਾ

-ਜਗਰੂਪ ਸਿੰਘ

ਉਸ ਦਿਨ ਅਖਬਾਰ ਚੁੱਕੀ ਤਾਂ ਨਿਗ੍ਹਾ ਸਿੱਧੀ ਦਿੱਲੀ ਹਾਈ ਕੋਰਟ ਦੀ ਟਿੱਪਣੀ ਉੱਤੇ ਗਈ। ਇਹ ਟਿੱਪਣੀ ਕੋਵਿਡ-19 ਮਹਾਮਾਰੀ ਕਾਰਨ ਦਿੱਲੀ ਦੇ ਵਿਗੜੇ ਹਾਲਾਤ ਬਾਰੇ ਸੀ ਕਿ 'ਜਿੱਦਾਂ ਦੇ ਹਾਲਾਤ ਹਨ, ਅਸੀਂ ਸਾਰੇ ਜਾਣਦੇ ਹਾਂ ਕਿ ਇਸ ਦੇਸ਼ ਨੂੰ ਰੱਬ ਹੀ ਚਲਾ ਰਿਹਾ ਹੈ।' ਇਸ ਟਿੱਪਣੀ ਦੇ ਅਰਥ ਭਾਵੇਂ ਕੁਝ ਵੀ ਹੋਣ ਜਾਂ ਕਿਵੇਂ ਵੀ ਕੱਢੇ ਜਾਣ, ਇਸ ਨੇ ਮੈਨੂੰ ਮੇਰੇ ਜੀਵਨ ਦੀਆਂ ਇਕੱਤੀ ਸਾਲ ਪਹਿਲਾਂ ਬੀਤੀਆਂ ਘਟਨਾਵਾਂ ਨਾਲ ਜੋੜ ਦਿੱਤਾ।

ਸਾਲ 1989 ਵਿੱਚ ਮੇਰੀ ਤੈਨਾਤੀ ਗੁਜਰਾਤ ਦੇ ਸ਼ਹਿਰ ਸੂਰਤ ਵਿੱਚ ਆਮਦਨ ਟੈਕਸ ਲਈ ਡਿਪਟੀ ਕਮਿਸ਼ਨਰ ਵਜੋਂ ਹੋ ਗਈ। ਸਾਡਾ ਦਫਤਰ ਉਸ ਬਿਲਡਿੰਗ ਵਿੱਚ ਸੀ, ਜੋ ਕਦੇ ਯਤੀਮਖਾਨਾ ਹੁੰਦਾ ਸੀ। ਓਦੋਂ ਸਾਡੇ ਦਫਤਰ ਨੂੰ ਸਾਰੇ ਟੈਕਸ ਦਾਤਾ ਯਤੀਮਖਾਨਾ ਕਰ ਕੇ ਜਾਣਦੇ ਸਨ। ਇਸ ਵਿਭਾਗ ਦੀ ਤੀਹ ਸਾਲਾਂ ਦੀ ਨੌਕਰੀ ਵਿੱਚ ਇੰਨਾ ਗੰਦਾ ਦਫਤਰ ਕਿਤੇ ਨਹੀਂ ਦੇਖਿਆ। ਡਿਊਟੀ ਉਤੇ ਹਾਜ਼ਰ ਹੁੰਦਿਆਂ ਹੀ ਆਪਣੇ ਸੀਨੀਅਰ ਅਫਸਰਾਂ ਨੂੰ ਕੋਸਿਆ ਕਿ ਕਿਸੇ ਨੇ ਕੁਝ ਕੀਤਾ ਕਿਉਂ ਨਹੀਂ। ਮੇਰੇ ਵਾਲੀ ਕੁਰਸੀ ਉੱਤੇ ਇੱਕ ਸੱਜਣ ਲਗਾਤਾਰ ਛੇ ਸਾਲ ਬਹਿੰਦੇ ਰਹੇ। ਮੈਂ ਬਿਲਡਿੰਗਾਂ ਦਾ ਚਾਰਜ ਵੀ ਸੰਭਾਲਣਾ ਸੀ। ਡਿਪਟੀ ਕਮਿਸ਼ਨਰ ਨੂੰ ਬਿਲਡਿੰਗ ਦੀ ਸਾਂਭ ਸੰਭਾਲ ਜਾਂ ਕੁਝ ਨਵਾਂ ਬਣਾਉਣ ਲਈ ਸੁਤੰਤਰ ਮਾਇਕ ਤਾਕਤਾਂ ਨਹੀਂ ਸਨ। ਯਤੀਮਖਾਨਾ ਓਦੋਂ ਕਿਤੇ ਹੋਰ ਥਾਂ ਚਲਦਾ ਸੀ ਅਤੇ ਸਰਕਾਰ ਬਿਲਡਿੰਗ ਦੇ ਮਾਲਕ ਨੂੰ ਨਾਮਾਤਰ ਕਿਰਾਇਆ ਦਿੰਦੀ ਸੀ। ਕੁਝ ਕਰਨ ਦੇ ਆਸ਼ੇ ਨਾਲ ਬਿਲਡਿੰਗ ਦੇ ਮਾਲਕ ਨੂੰ ਬੁਲਾਇਆ, ਜੋ ਮੁਸਲਿਮ ਭਾਈਚਾਰੇ ਦਾ ਸੀ। ਉਸ ਨੂੰ ਅਰਜ਼ ਕੀਤੀ ਕਿ ਹੋਰ ਨਹੀਂ ਤਾਂ ਆਲੇ ਦੁਆਲੇ ਦੀ ਸਫਾਈ ਕਰਵਾ ਦਿਆ ਕਰੋ। ਉਸ ਦਾ ਜਵਾਬ ਸੀ: 'ਸਾਹਿਬ ਜੀ, ਮੈਂ ਬੜੀ ਮੁਸ਼ਕਲ ਨਾਲ ਢਾਈ ਤਿੰਨ ਸੌ ਯਤੀਮ ਬੱਚਿਆਂ ਦਾ ਢਿੱਡ ਭਰਦਾ ਹਾਂ ਤੇ ਤੁਸੀਂ ਮੈਨੂੰ ਕਹਿੰਦੇ ਹੋ, ਉਨ੍ਹਾਂ ਦਾ ਪੇਟ ਕੱਟ ਕੇ ਤੁਹਾਡੇ ਦਫਤਰ ਦੀ ਸਫਾਈ ਕਰਾਵਾਂ। ਕੁਝ ਤਾਂ ਅੱਲ੍ਹਾ ਦਾ ਖੌਫ ਕਰੋ।'' ਉਸ ਨੂੰ ਕੁਝ ਕਹਿਣ ਦੀ ਬਜਾਏ ਮੈਂ ਚੁੱਪ ਰਹਿਣਾ ਬਿਹਤਰ ਸਮਝਿਆ। ਫਿਰ ਵੀ ਉਸ ਨੇ ਥੋੜ੍ਹਾ ਬਹੁਤ ਝਾੜ-ਪੂੰਝ ਕਰਵਾ ਦਿੱਤੀ। ਖਬਰ ਫੈਲ ਚੁੱਕੀ ਸੀ ਕਿ ਮੈਂ ਕੁਝ ਕਰਨਾ ਚਾਹੁੰਦਾ ਹਾਂ। ਉਸ ਸੱਜਣ ਦੇ ਬਾਹਰ ਨਿਕਲਦਿਆਂ ਹੀ ਦਫਤਰ ਵਿੱਚ ਕੰਮ ਕਰਦੀਆਂ ਸਵਾਣੀਆਂ ਆ ਗਈਆਂ। ਉਨ੍ਹਾਂ ਦੱਸਿਆ ਕਿ ਸਾਰੀ ਤਿੰਨ ਮੰਜ਼ਿਲਾਂ ਇਮਾਰਤ ਵਿੱਚ ਉਨ੍ਹਾਂ ਦੇ ਲਈ ਕੋਈ ਰਾਖਵਾਂ ਟਾਇਲੇਟ ਨਹੀਂ। ਫਿਰ ਪਹਿਲਾਂ ਵਾਲਿਆਂ ਨੂੰ ਕੋਸਿਆ ਕਿ ਇੰਨਾ ਕੰਮ ਤਾਂ ਕੋਈ ਵੀ ਕਰ ਸਕਦਾ ਸੀ। ਖੈਰ! ਮੈਂ ਉਨ੍ਹਾਂ ਨੂੰ 'ਦੇਖਦਾ ਹਾਂ' ਕਹਿ ਕੇ ਭੇਜ ਦਿੱਤਾ। ਆਪਣੇ ਦਫਤਰ ਦੇ ਸੁਪਰਵਾਈਜ਼ਰ ਨੂੰ ਬੁਲਾਇਆ ਅਤੇ ਟਾਇਲੇਟਸ ਦੀ ਹਾਲਤ ਜਾਨਣ ਪਿੱਛੋਂ ਇਮਾਰਤ ਦੇ ਪਹਿਲੀ ਮੰਜ਼ਿਲ ਉੱਤੇ ਵਿਚਕਾਰਲੇ ਟਾਇਲੇਟ ਉਤੇ 'ਕੇਵਲ ਇਸਤਰੀਆਂ ਲਈ' ਦਾ ਬੋਰਡ ਲਵਾ ਦਿੱਤਾ। ਬੋਰਡ ਲੱਗਾ ਦੇਖ ਕੇ ਕਰਮਚਾਰੀ ਯੂਨੀਅਨ ਦੇ ਅਹੁਦੇਦਾਰ ਆ ਧਮਕੇ। ਆਉਂਦਿਆਂ ਹੀ ਪ੍ਰਧਾਨ ਜੀ ਗਰਜੇ: 'ਆਹ ਕੀ ਕਰ'ਤਾ ਤੁਸੀਂ? ਸਾਨੂੰ ਪੁੱਛ ਕੇ ਲਾਉਣਾ ਸੀ ਬੋਰਡ', ਤੇ ਹੋਰ ਯਾਦ ਨਹੀਂ ਉਸ ਨੇ ਰੋਹਬ ਪਾਉਣ ਲਈ ਕੀ ਕੀ ਬੋਲਿਆ। ਮੈਂ ਨਵਾਂ ਹੋਣ ਕਰ ਕੇ ਉਨ੍ਹਾਂ ਬਾਰੇ ਜ਼ਿਆਦਾ ਨਹੀਂ ਜਾਣਦਾ ਸੀ, ਫਿਰ ਵੀ ਕਿਹਾ, ''ਪ੍ਰਧਾਨ ਜੀ, ਕਰਮਚਾਰੀਆਂ ਦੇ ਭਲੇ ਲਈ ਮੈਂ ਜੋ ਕਰ ਸਕਦਾ ਹੋਇਆ, ਅੱਗੇ ਵੀ ਕਰਾਂਗਾ, ਤੇ ਉਸ ਲਈ ਮੈਨੂੰ ਕਿਸੇ ਨੂੰ ਪੁੱਛਣ ਦੀ ਲੋੜ ਨਹੀਂ। ਤੁਸੀਂ ਦੱਸੋ, ਧੀਆਂ ਭੈਣਾਂ ਵਾਸਤੇ ਵੱਖਰੇ ਟਾਇਲੇਟ ਦੀ ਲੋੜ ਹੈ ਕਿ ਨਹੀਂ? ਜੇ ਨਹੀਂ ਤਾਂ ਬੋਰਡ ਭਾਵੇਂ ਹੁਣੇ ਉਤਾਰ ਦਿਓ।'' ਉਹ ਨਿੰਮੋਝੂਣੇ ਹੋ ਕੇ ਅਸਲ ਥਾਂ ਆ ਗਏ, ''ਸਾਡੇ ਰਾਹੀਂ ਬੋਰਡ ਲੱਗਦਾ, ਸਾਡੀ ਕੁਝ ਰਹਿ ਜਾਂਦੀ।''

ਮਹਿਕਮੇ ਦੇ ਬਹੁਤੇ ਅਫਸਰਾਂ ਦਾ ਧਿਆਨ ਸਰਕਾਰ ਦੇ ਦਿੱਤੇ ਬਜਟ ਨੂੰ ਪੂਰਾ ਕਰਨ ਉੱਤੇ ਕੇਂਦਰਿਤ ਰਹਿੰਦਾ ਸੀ। ਹਾਲਾਤ ਸਰਕਾਰ ਦੇ ਸਾਰੇ ਮਹਿਕਮਿਆਂ ਵਿੱਚ ਕਰੀਬ ਇੱਕੋ ਜਿਹੇ ਸਨ/ ਹਨ। ਸਮੇਂ ਨਾਲ ਬਹੁਤਾ ਬਦਲਾਓ ਨਹੀਂ ਆਇਆ। ਦਿੱਲੀ ਹਾਈ ਕੋਰਟ ਦਾ ਕੋਵਿਡ-19 ਮਹਾਮਾਰੀ ਨੂੰ ਰੋਕਣ ਦੇ ਪ੍ਰਬੰਧ ਵਿੱਚ ਲੱਗੇ ਸਰਕਾਰੀ ਕਰਮਚਾਰੀਆਂ ਨੂੰ ਹਦਾਇਤਾਂ ਦੇਣਾ ਕਿ ਉਨ੍ਹਾਂ ਕੀ ਕਰਨਾ ਹੈ, ਇਹੋ ਇਸ਼ਾਰਾ ਕਰਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਆਪਣੀ ਬੁੱਧੀ ਵਰਤਣ ਦੀ ਜ਼ਿਆਦਾ ਛੋਟ ਨਹੀਂ। ਉਹ ਵੀ ਚਾਰ ਚੁਫੇਰੇ ਮੱਚੀ ਹਾਹਾਕਾਰ ਦੇਖ ਕੇ ਪ੍ਰੇਸ਼ਾਨ ਹੁੰਦੇ ਹੋਣਗੇ। ਹਾਈ ਕੋਰਟ ਦੀ ਟਿੱਪਣੀ ਬਿਲਕੁਲ ਸਹੀ ਜਾਪਦੀ ਹੈ ਕਿ ਦੇਸ਼ ਨੂੰ 'ਰੱਬ ਹੀ ਚਲਾ ਰਿਹਾ ਹੈ'!

ਸਵਾਲ ਪੈਦਾ ਹੁੰਦਾ ਹੈ ਕਿ ਜੇ 'ਰੱਬ' ਦੇ ਰਾਜ ਵਿੱਚ ਵੀ ਸਾਡੀ ਜ਼ਮੀਰ ਨਹੀਂ ਜਾਗਦੀ ਤਾਂ ਕਦੋਂ ਜਾਗੇਗੀ? ਕੀ ਅਸੀਂ ਹਰ ਗੱਲ 'ਰੱਬ' ਤੋਂ ਪੁੱਛ ਕੇ ਕਰਦੇ ਸੀ/ ਹਾਂ? ਜ਼ਮੀਰ ਦੀ ਆਵਾਜ਼ ਨੈਤਿਕਤਾ ਦੀ ਸਿਖਰ ਹੁੰਦੀ ਹੈ। ਆਕਸੀਜਨ ਦੀ ਕਮੀ, ਦਵਾਈਆਂ ਦੀ ਚੋਰ ਬਾਜ਼ਾਰੀ ਦੀਆਂ ਖਬਰਾਂ, ਹਸਪਤਾਲਾਂ ਵਿੱਚ ਕੋਵਿਡ ਬੈੱਡਾਂ ਦੀ ਕਮੀ, 54 ਲੱਖ ਵੈਕਸੀਨ ਦੀਆਂ ਖੁਰਾਕਾਂ ਦਾ ਅਜਾਈਂ ਜਾਣੀ ਦੇਖ-ਸੁਣ ਕੇ ਲੱਗਦਾ ਹੈ, ਪੂਰਾ ਦੇਸ਼ ਸੂਰਤ ਦੇ ਦਫਤਰ ਵਰਗਾ ਯਤੀਮਖਾਨਾ ਹੈ। ਹਰ ਉਹ ਸ਼ਹਿਰੀ, ਜਿਸ ਦੀ ਸਰਕਾਰੇ ਦਰਬਾਰੇ ਪਹੁੰਚ ਨਹੀਂ, ਆਪਣੇ ਆਪ ਨੂੰ ਯਤੀਮ ਮਹਿਸੂਸ ਕਰਦਾ ਜਾਪਦਾ ਹੈ।

# ਮੰਦਸੌਰ ਵਿਚ ਚੰਬਲ ਨਦੀ 'ਚ ਡੁੱਬੇ 7 ਲੋਕ, 3 ਲਾਸ਼ਾਂ ਬਰਾਮਦ



ਮੰਦਸੌਰ, 16 ਅਕਤੂਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਮੰਦਸੌਰ ਦੇ ਸ਼ਾਮਗੜ੍ਹ ਥਾਣਾ ਖੇਤਰ ਦੇ ਪਿੰਡ ਤੋਲਾ ਖੇੜੀ ਵਿੱਚ ਚੰਬਲ ਨਦੀ ਵਿੱਚ ਪਾਣੀ ਵਿੱਚ ਡੁੱਬ ਕੇ 7 ਲੋਕਾਂ ਦੀ ਮੌਤ ਹੋ ਗਈ। ਸਥਾਨਕ ਲੋਕਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਵਿੱਚ 6 ਔਰਤਾਂ ਵੀ ਸਨ। ਡੁੱਬੇ ਲੋਕਾਂ 'ਚੋਂ ਦੋ ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ, ਤਿੰਨ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਐੱਸ.ਡੀ.ਆਰ.ਐੱਫ., ਗੋਤਾਖੋਰ ਪੁਲਸ ਪ੍ਰਸ਼ਾਸਨ ਦੀ ਟੀਮ ਮੌਕੇ 'ਤੇ ਪਹੁੰਚੀ ਹੋਈ ਹੈ ਅਤੇ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ, ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਔਰਤਾਂ ਖੇਤਾਂ 'ਚ ਕੰਮ ਕਰਨ ਤੋਂ ਬਾਅਦ ਪੈਦਲ ਪਿੰਡ ਤੋਲਾ ਖੇੜੀ ਵਾਪਸ ਆ ਰਹੀਆਂ ਸਨ, ਜਦੋਂ ਇਹ ਹਾਦਸਾ ਵਾਪਰਿਆ। ਮਾਮਲੇ ਦੀ ਸੂਚਨਾ ਮਿਲਦੇ ਹੀ ਪੁਲਸ ਪ੍ਰਸ਼ਾਸਨ ਦੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਰਾਹਤ ਅਤੇ ਬਚਾਅ ਕੰਮ ਸ਼ੁਰੂ ਕਰ ਦਿੱਤਾ। ਹਨੇਰੇ ਕਾਰਨ ਰਾਹਤ ਅਤੇ ਬਚਾਅ ਕਾਰਜਾਂ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਹਤ ਅਤੇ ਬਚਾਅ ਲਈ ਸਥਾਨਕ ਲੋਕਾਂ ਦੀ ਮਦਦ ਵੀ ਲਈ ਜਾ ਰਹੀ ਹੈ।

ਪੂਰੀ ਘਟਨਾ 'ਤੇ ਐੱਸਪੀ ਗੌਤਮ ਸਿੰਘ ਨੇ ਦੱਸਿਆ ਹੈ ਕਿ ਗੋਤਾਖੋਰਾਂ ਦੀ ਟੀਮ ਨੂੰ ਰਾਹਤ ਅਤੇ ਬਚਾਅ ਕਾਰਜ ਲਈ ਰਵਾਨਾ ਕਰ ਦਿੱਤਾ ਗਿਆ ਹੈ। ਪ੍ਰਸ਼ਾਸਨ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲੋਕਾਂ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਇਰਾਨ ਵਿਚ ਹਿਜਾਬ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਦੌਰਾਨ ਜੇਲ੍ਹ ਵਿਚ ਲਗਾਈ ਅੱਗ

ਤਹਿਰਾਨ, 16 ਅਕਤੂਬਰ (ਪੋਸਟ ਬਿਊਰੋ)- ਤਹਿਰਾਨ ਦੀ ਏਵਿਨ ਜੇਲ ਵਿਚ ਸ਼ਨੀਵਾਰ ਰਾਤ ਨੂੰ ਕਾਫੀ ਹੰਗਾਮਾ ਹੋਇਆ। ਜੇਲ੍ਹ ਵਿੱਚ ਅੱਗ ਲੱਗ ਗਈ। ਮਹਿਸਾ ਅਮੀਨੀ ਦੀ ਹਿਰਾਸਤੀ ਮੌਤ ਦੇ ਵਿਰੋਧ ਵਿੱਚ ਇਹ ਅੰਦੋਲਨ ਪੰਜਵੇਂ ਹਫ਼ਤੇ ਵਿਚ ਦਾਖ਼ਲ ਹੋ ਗਿਆ ਹੈ। ਉੱਤਰੀ ਤਹਿਰਾਨ ਵਿੱਚ ਸਥਿਤ ਇਹ ਜੇਲ੍ਹ ਰਾਜਨੀਤਿਕ ਕੈਦੀਆਂ ਨਾਲ ਬਦਸਲੂਕੀ ਲਈ ਬਦਨਾਮ ਹੈ ਅਤੇ ਵਿਦੇਸ਼ੀ ਕੈਦੀਆਂ ਨੂੰ ਵੀ ਰੱਖਿਆ ਜਾਂਦਾ ਹੈ। ਅਮੀਨੀ ਦੀ ਮੌਤ ਨੂੰ ਲੈ ਕੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਹਿਰਾਸਤ ਵਿੱਚ ਲਏ ਗਏ ਸੈਂਕੜੇ ਲੋਕਾਂ ਨੂੰ ਕਥਿਤ ਤੌਰ 'ਤੇ ਇਸ ਜੇਲ੍ਹ ਵਿੱਚ ਭੇਜਿਆ ਗਿਆ ਹੈ।

ਓਸਲੋ ਸਥਿਤ ਈਰਾਨ ਹਿਊਮਨ ਰਾਈਟਸ ਦੁਆਰਾ ਟਵਿੱਟਰ 'ਤੇ ਸ਼ੇਅਰ ਕੀਤੀ ਗਈ ਵੀਡੀਓ ਫੁਟੇਜ 'ਚ ਰਾਤ ਸਮੇਂ ਅਸਮਾਨ 'ਚ ਅੱਗ ਦੀਆਂ ਲਪਟਾਂ ਅਤੇ ਧੂੰਏਂ ਦੇ ਗੁੰਜਦੇ ਦੇਖੇ ਜਾ ਸਕਦੇ ਹਨ ਅਤੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਜਾ ਸਕਦੀਆਂ ਹਨ।

ਇੱਕ ਸੋਸ਼ਲ ਮੀਡੀਆ ਚੈਨਲ ਨੇ ਟਵਿੱਟਰ 'ਤੇ ਕਿਹਾ, "ਅੱਗ ਏਵਿਨ ਜੇਲ੍ਹ ਵਿੱਚ ਫੈਲ ਰਹੀ ਹੈ" ਅਤੇ "ਵਿਸਫੋਟ ਸੁਣਿਆ ਗਿਆ"। ਇਸਲਾਮਿਕ ਰੀਪਬਲਿਕ ਦੇ ਔਰਤਾਂ ਲਈ ਸਖ਼ਤ ਡਰੈੱਸ ਕੋਡ ਦੀ ਕਥਿਤ ਉਲੰਘਣਾ ਦੇ ਦੋਸ਼ ਵਿੱਚ ਈਰਾਨੀ ਪੁਲਿਸ ਦੁਆਰਾ ਗ੍ਰਿਫਤਾਰ ਕੀਤੇ ਜਾਣ ਤੋਂ ਤਿੰਨ ਦਿਨ ਬਾਅਦ ਉਹ ਕੋਮਾ ਵਿੱਚ ਜਾਣ ਤੋਂ 22 ਦਿਨ ਬਾਅਦ ਅਮੀਨੀ ਦੀ ਮੌਤ ਹੋ ਗਈ।



ਈਰਾਨ ਦੇ ਸਰਕਾਰੀ ਮੀਡੀਆ ਨੇ ਇਕ ਸੀਨੀਅਰ ਸੁਰੱਖਿਆ ਅਧਿਕਾਰੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸ਼ਨੀਵਾਰ ਰਾਤ ਨੂੰ ਜੇਲ ਵਿਚ ਝੜਪਾਂ ਹੋਈਆਂ ਅਤੇ "ਦੰਗਾਕਾਰੀਆਂ" ਨੇ ਇਸ ਨੂੰ ਅੱਗ ਲਗਾ ਦਿੱਤੀ। ਨਿਊਜ਼ ਏਜੰਸੀ ਨੇ ਘੱਟੋ-ਘੱਟ ਅੱਠ ਜ਼ਖਮੀਆਂ ਦੀ ਰਿਪੋਰਟ ਕਰਦੇ ਹੋਏ ਕਿਹਾ, "ਇਸ ਵੇਲੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ।"

## ਪੀਓਕੇ 'ਚ ਸਥਿਤ ਅੱਤਵਾਦੀ ਕੈਂਪ 'ਚ ਅੱਤਵਾਦੀਆਂ ਦੀ ਗਿਣਤੀ ਵਧੀ, 150 ਅੱਤਵਾਦੀ ਭਾਰਤ 'ਚ ਦਾਖਲ ਹੋਣ ਦੀ ਫਿਰਾਕ ਵਿਚ

ਪੀਓਕੇ, 16 ਅਕਤੂਬਰ (ਪੋਸਟ ਬਿਊਰੋ) - ਖੁਫੀਆ ਏਜੰਸੀਆਂ ਦੀ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) 'ਚ ਸਥਿਤ ਕੈਂਪਾਂ 'ਚ ਅੱਤਵਾਦੀਆਂ ਦੀ ਗਿਣਤੀ ਵਧੀ ਹੈ। ਪੀਓਕੇ ਦੇ ਕੁਝ ਅੱਤਵਾਦੀ ਕੈਂਪਾਂ ਨੂੰ ਕੰਟਰੋਲ ਰੇਖਾ (ਐਲਓਸੀ) ਦੇ ਨੇੜੇ ਤਬਦੀਲ ਕੀਤੇ ਜਾਣ ਦੀ ਖੁਫੀਆ ਜਾਣਕਾਰੀ ਮਿਲੀ ਹੈ। ਮਲਟੀ ਏਜੰਸੀ ਸੈਂਟਰ ਦੀ ਤਾਜ਼ਾ ਰਿਪੋਰਟ ਮੁਤਾਬਕ ਕੰਟਰੋਲ ਰੇਖਾ ਦੇ ਨਾਲ ਲੱਗਦੇ ਲਾਂਚਿੰਗ ਪੈਡ 'ਤੇ ਕਰੀਬ 150 ਅੱਤਵਾਦੀਆਂ ਦੇ ਹੋਣ ਦੀ ਸੂਚਨਾ ਮਿਲੀ ਹੈ, ਜੋ ਸਰਹੱਦ ਪਾਰ ਕਰਕੇ ਭਾਰਤੀ ਸਰਹੱਦ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ।

ਕੇਂਦਰੀ ਸੁਰੱਖਿਆ ਏਜੰਸੀ ਨਾਲ ਜੁੜੇ ਇਕ ਅਧਿਕਾਰੀ ਮੁਤਾਬਕ ਕੰਟਰੋਲ ਰੇਖਾ 'ਤੇ ਬਰਫਬਾਰੀ ਤੋਂ ਪਹਿਲਾਂ ਸਰਹੱਦ ਪਾਰ ਤੋਂ ਅੱਤਵਾਦੀਆਂ ਦੀ ਘੁਸਪੈਠ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ। ਸਰਹੱਦ 'ਤੇ ਸਖ਼ਤ ਨਿਗਰਾਨੀ ਕਾਰਨ ਜੈਸ਼, ਲਸ਼ਕਰ ਅਤੇ ਹਿਜ਼ਬੁਲ ਵਰਗੇ ਅੱਤਵਾਦੀ ਸੰਗਠਨ ਲਗਾਤਾਰ ਆਪਣੀ ਰਣਨੀਤੀ ਬਦਲ ਰਹੇ ਹਨ। ਕੇਂਦਰੀ ਸੁਰੱਖਿਆ ਏਜੰਸੀਆਂ ਨੂੰ ਸ਼ੱਕ ਹੈ ਕਿ ਕੰਟਰੋਲ ਰੇਖਾ ਅਤੇ ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ 'ਤੇ ਵੀ ਅੱਤਵਾਦੀ ਸੁਰੰਗ ਦੀ ਵਰਤੋਂ ਕਰਕੇ ਭਾਰਤੀ ਸਰਹੱਦ 'ਚ ਘੁਸਪੈਠ ਕਰ ਰਹੇ ਹਨ। ਕੁਝ ਮਹੀਨੇ ਪਹਿਲਾਂ ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਨੇ ਜੰਮੂ ਨਾਲ ਲੱਗਦੀ ਸਰਹੱਦ 'ਤੇ ਇਸੇ ਤਰ੍ਹਾਂ ਦੀ ਸੁਰੰਗ ਦਾ ਪਤਾ ਲਗਾਇਆ ਸੀ।

ਜੰਮੂ-ਕਸ਼ਮੀਰ 'ਚ ਮੌਜੂਦ ਅੱਤਵਾਦੀਆਂ ਨੂੰ ਡਰੋਨ ਰਾਹੀਂ ਹਥਿਆਰ ਅਤੇ ਗੋਲਾ ਬਾਰੂਦ ਸਪਲਾਈ ਕੀਤਾ ਜਾ ਰਿਹਾ ਹੈ। ਗ੍ਰਹਿ ਮੰਤਰਾਲੇ ਨੂੰ ਭੇਜੀ ਗਈ ਇੱਕ ਸੁਰੱਖਿਆ ਏਜੰਸੀਆਂ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਪਾਕਿ-ਸਤਾਨ ਨਾਲ ਲੱਗਦੀ ਭਾਰਤੀ ਸਰਹੱਦ ਵਿੱਚ ਡਰੋਨ ਗਤੀਵਿਧੀ ਪਿਛਲੇ ਸਾਲ ਦੇ ਮੁਕਾਬਲੇ ਦੁੱਗਣੀ ਹੋ ਗਈ ਹੈ। ਜਦੋਂ ਕਿ ਪਿਛਲੇ ਸਾਲ 109 ਡਰੋਨਾਂ ਦੀਆਂ ਗਤੀਵਿਧੀਆਂ ਵੇਖੀਆਂ ਗਈਆਂ ਸਨ, ਇਸ ਸਾਲ ਸਤੰਬਰ ਤੱਕ ਇਹ ਗਿਣਤੀ ਵਧ ਕੇ 214 ਹੋ ਗਈ ਹੈ। ਇਸ ਸਾਲ ਬੀ.ਐਸ.ਐਫ ਨੇ ਪੰਜਾਬ ਨਾਲ ਲੱਗਦੀ ਪਾਕਿਸਤਾਨੀ ਸਰਹੱਦ 'ਤੇ ਸਰਹੱਦ ਪਾਰ ਤੋਂ ਭਾਰਤੀ ਸਰਹੱਦ 'ਚ ਘੁਸਪੈਠ ਕਰਨ ਵਾਲੇ 9 ਡਰੋਨਾਂ ਨੂੰ ਡੇਗ ਦਿੱਤਾ ਹੈ।

## ਯੂਗਾਂਡਾ ਵਿੱਚ ਇਬੋਲਾ ਦਾ ਕਹਿਰ,ਦੋ ਜ਼ਿਲ੍ਹਿਆਂ ਵਿਚ ਲੌਕਡਾਊਨ ਲਗਾਇਆ



ਕੰਪਾਲਾ, 16 ਅਕਤੂਬਰ (ਪੋਸਟ ਬਿਊਰੋ)- ਯੂਗਾਂਡਾ ਦੇ ਰਾਸ਼ਟਰਪਤੀ ਯੋਵੇਰੀ ਮੁਸੇਵੇਨੀ ਨੇ ਸ਼ਨੀਵਾਰ ਨੂੰ ਇਬੋਲਾ ਦੇ ਵਧਦੇ ਪ੍ਰਕੋਪ ਤੋਂ ਬਾਅਦ ਦੋ ਜ਼ਿਲ੍ਹਿਆਂ ਵਿਚ ਲਾਕਡਾਊਨ ਲਗਾ ਦਿੱਤਾ। ਉਨ੍ਹਾਂ ਨੇ ਰਾਤ ਦਾ ਕਰਫਿਊ ਅਤੇ ਜਨਤਕ ਸਥਾਨਾਂ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਹਨ। ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ 20 ਸਤੰਬਰ ਨੂੰ ਪਹਿਲੀ ਵਾਰ ਇਬੋਲਾ ਫੈਲਣ ਤੋਂ ਬਾਅਦ 19 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 58 ਮਾਮਲਿਆਂ ਦੀ ਪੁਸ਼ਟੀ ਹੋਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਭ ਤੋਂ ਜ਼ਿਆਦਾ ਪ੍ਰਭਾਵਿਤ ਮੱਧ ਜ਼ਿਲੇ ਮੁਬੇਂਡੇ ਅਤੇ ਕਸੰਦਾ ਜ਼ਿਲੇ ਹਨ।

ਇੱਕ ਟੈਲੀਵਿਜ਼ਨ ਸੰਬੋਧਨ ਵਿੱਚ, ਮੁਸੇਵੇਨੀ ਨੇ ਸ਼ਨੀਵਾਰ ਨੂੰ ਮੁਬੇਂਡੇ ਅਤੇ ਕਸੰਡਾ ਵਿੱਚ ਤੁਰੰਤ ਲਾਕਡਾਊਨ ਦਾ ਆਦੇਸ਼ ਦਿੱਤਾ। ਸ਼ਾਮ ਤੋਂ ਸਵੇਰ ਤੱਕ ਕਰਫਿਊ ਲਗਾਉਣ, ਯਾਤਰਾ 'ਤੇ ਪਾਬੰਦੀਆਂ ਅਤੇ 21 ਦਿਨਾਂ ਲਈ ਬਾਜ਼ਾਰ, ਬਾਰ ਅਤੇ ਚਰਚਾਂ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਕਾਰਗੋ ਟਰੱਕਾਂ ਨੂੰ ਅਜੇ ਵੀ ਇਨ੍ਹਾਂ ਦੋਵਾਂ ਥਾਵਾਂ 'ਤੇ ਦਾਖਲ ਹੋਣ ਦੀ ਆਗਿਆ ਹੋਵੇਗੀ, ਪਰ ਬਾਕੀ ਸਾਰੀਆਂ ਆਵਾਜਾਈ - ਨਿੱਜੀ ਜਾਂ ਹੋਰ, ਮੁਅੱਤਲ ਕਰ ਦਿੱਤੀ ਗਈ ਹੈ।

## ਗੁਰੂਗ੍ਰਾਮ 'ਚ 4,000 ਕਿਲੋ ਤੋਂ ਵੱਧ ਪਾਬੰਦੀਸ਼ੁਦਾ ਪਟਾਕੇ ਜ਼ਬਤ, ਗੋਦਾਮ ਮਾਲਕ 'ਤੇ ਮਾਮਲਾ ਦਰਜ

ਗੁਰੂਗ੍ਰਾਮ, 16 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਦੇ ਗੁਰੂਗ੍ਰਾਮ ਦੇ ਫਰੂਖਨਗਰ ਇਲਾਕੇ ਵਿੱਚ ਇੱਕ ਗੋਦਾਮ ਵਿੱਚ ਛਾਪਾ ਮਾਰ ਕੇ ਚਾਰ ਹਜ਼ਾਰ ਕਿਲੋ ਤੋਂ ਵੱਧ ਪਾਬੰਦੀਸ਼ੁਦਾ ਪਟਾਕੇ ਜ਼ਬਤ ਕੀਤੇ ਗਏ ਹਨ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਮੁਤਾਬਕ ਇੰਸਪੈਕਟਰ ਜਤਿੰਦਰ ਕੁਮਾਰ ਦੀ ਅਗਵਾਈ 'ਚ ਫਰੂਖਨਗਰ ਪੁਲਸ ਸਟੇਸ਼ਨ ਦੀ ਟੀਮ ਨੇ ਸ਼ਨੀਵਾਰ ਰਾਤ ਡਬੋਦਾ ਪਿੰਡ ਨੇੜੇ 6 ਏਕੜ ਜ਼ਮੀਨ 'ਤੇ ਸਥਿਤ 'ਵਸ਼ਿਸ਼ਟ ਐਂਡ ਕੰਪਨੀ' ਨਾਂ ਦੇ ਗੋਦਾਮ 'ਤੇ ਛਾਪਾ ਮਾਰਿਆ। ਗੋਦਾਮ ਵਿੱਚ 10 ਕਮਰੇ ਸਨ ਅਤੇ ਇਨ੍ਹਾਂ ਵਿੱਚੋਂ ਅੱਠ ਦੀ ਵਰਤੋਂ ਪਾਬੰਦੀਸ਼ੁਦਾ ਪਟਾਕਿਆਂ ਨੂੰ ਸਟੋਰ ਕਰਨ ਲਈ ਕੀਤੀ ਜਾ ਰਹੀ ਸੀ, ਜਿਨ੍ਹਾਂ ਦਾ ਵਜ਼ਨ 4,235 ਕਿਲੋ ਸੀ।




ਪੁਲਿਸ ਨੇ ਦੱਸਿਆ ਕਿ ਕੁਝ ਹੋਰ ਕਮਰਿਆਂ ਵਿੱਚ ਹਰੇ ਪਟਾਕੇ ਸਨ, ਜਿਸ ਲਈ ਗੋਦਾਮ ਦੇ ਮਾਲਕ ਆਨੰਦ ਵਸ਼ਿਸ਼ਟ ਕੋਲ ਲਾਇਸੈਂਸ ਸੀ। ਫਰੂਖਨਗਰ ਦੇ ਤਹਿਸੀਲਦਾਰ ਡਿਊਟੀ ਮੈਜਿਸਟਰੇਟ ਸੱਜਣ ਕੁਮਾਰ ਦੀ ਹਾਜ਼ਰੀ ਵਿੱਚ ਛਾਪੇਮਾਰੀ ਕੀਤੀ ਗਈ ਅਤੇ ਪਟਾਕੇ ਜ਼ਬਤ ਕੀਤੇ ਗਏ। ਪੁਲਿਸ ਇੰਸਪੈਕਟਰ ਜਤਿੰਦਰ ਕੁਮਾਰ ਨੇ ਕਿਹਾ, "ਗੋਦਾਮ ਦੇ ਮਾਲਕ ਦੇ ਖਿਲਾਫ ਐਫਆਈਆਰ ਦਰਜ ਕੀਤੀ ਗਈ ਹੈ ਜੋ ਦਿੱਲੀ ਦਾ ਰਹਿਣ ਵਾਲਾ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੋਸ਼ੀਆਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।"

## ਮਿਜ਼ੋਰਮ 'ਚ 140 ਵਿਦੇਸ਼ੀ ਜਾਨਵਰ ਜ਼ਬਤ, 3 ਗ੍ਰਿਫਤਾਰ

ਮਿਜ਼ੋਰਮ, 16 ਅਕਤੂਬਰ (ਪੋਸਟ ਬਿਊਰੋ)- ਗੈਰ-ਕਾਨੂੰਨੀ ਤੌਰ 'ਤੇ ਤਸਕਰੀ ਕੀਤੇ ਜਾਨਵਰਾਂ ਦੀ ਸਭ ਤੋਂ ਵੱਡੀ ਖੇਪ ਵਿੱਚ, ਸ਼ਨੀਵਾਰ ਨੂੰ ਮਿਜ਼ੋਰਮ ਵਿੱਚ ਐਲਬੀਨੋ ਵਾਲਬੀ ਸਮੇਤ 140 ਵਿਦੇਸ਼ੀ ਜੰਗਲੀ ਜੀਵ ਪ੍ਰਜਾਤੀਆਂ ਨੂੰ ਬਚਾਇਆ ਗਿਆ। ਪੁਲਿਸ ਨੇ ਪਸ਼ੂ ਤਸਕਰੀ ਦੇ ਮਾਮਲੇ ਵਿੱਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਸੂਤਰਾਂ ਅਨੁਸਾਰ ਇਹ ਵਿਦੇਸ਼ੀ ਪਸ਼ੂ ਗੁਆਂਢੀ ਮੁਲਕ ਮਿਆਂਮਾਰ ਤੋਂ ਤਸਕਰੀ ਕਰਕੇ ਲਿਆਂਦਾ ਗਿਆ ਸੀ ਅਤੇ ਇਨ੍ਹਾਂ ਵਿੱਚ ਦੋਵੇਂ ਮੁਲਕਾਂ ਦੇ ਤਸਕਰ ਸ਼ਾਮਲ ਸਨ। ਚੰਫਈ ਪੁਲਿਸ ਅਤੇ ਆਬਕਾਰੀ ਤੇ ਨਾਰਕੋਟਿਕਸ ਵਿਭਾਗ ਵੱਲੋਂ ਸਾਂਝਾ ਆਪ੍ਰੇਸ਼ਨ ਚਲਾਇਆ ਜਾ ਰਿਹਾ ਸੀ। ਇਸ ਦੌਰਾਨ ਟੀਮ ਨੇ ਦੋ ਬੋਲੈਰੋ ਅਤੇ ਇੱਕ ਸਕਾਰਪੀਓ ਨੂੰ ਰੋਕਿਆ।

ਬਾਅਦ ਵਿੱਚ ਉਕਤ ਵਿਦੇਸ਼ੀ ਜਾਨਵਰ, ਪੰਛੀਆਂ ਸਮੇਤ ਵਾਹਨ ਅਤੇ ਤਿੰਨਾਂ ਤਸਕਰਾਂ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਲਈ ਸੁਪਰਡੈਂਟ, ਕਸਟਮ ਪ੍ਰੀਵੈਂਟਿਵ ਫੋਰਸ, ਚੰਫਈ ਦੇ ਹਵਾਲੇ ਕਰ ਦਿੱਤਾ ਗਿਆ। ਪਿਛਲੇ ਮਹੀਨੇ, ਅਸਾਮ ਵਿੱਚ ਗੈਰ-ਕਾਨੂੰਨੀ ਤੌਰ 'ਤੇ ਤਸਕਰੀ ਕੀਤੇ ਜਾਨਵਰਾਂ ਦੀ ਇੱਕ ਹੋਰ ਵੱਡੀ ਗਿਣਤੀ ਵਿੱਚ, ਘੱਟੋ ਘੱਟ 40 ਵਿਦੇਸ਼ੀ ਜਾਨਵਰਾਂ ਨੂੰ ਬਚਾਇਆ ਗਿਆ ਸੀ, ਜਿਸ ਵਿੱਚ ਇੱਕ ਬੇਬੀ ਵਾਲਬੀ ਵੀ ਸ਼ਾਮਲ ਸੀ। ਪੁਲਿਸ ਸੂਤਰਾਂ ਨੇ ਦੱਸਿਆ ਕਿ ਪਸ਼ੂਆਂ ਦੀ ਤਸਕਰੀ ਮਿਆਂਮਾਰ ਤੋਂ ਕੀਤੀ ਗਈ ਸੀ ਅਤੇ ਇਹ ਵਾਹਨ ਨਾਗਾਲੈਂਡ ਦੇ ਦੀਮਾਪੁਰ ਤੋਂ ਗੈਰ-ਕਾਨੂੰਨੀ ਢੰਗ ਨਾਲ ਲਿਜਾ ਰਹੇ ਸਨ।




## ਰੂਸੀ ਫੌਜੀ ਟਿਕਾਣੇ 'ਤੇ ਗੋਲੀਬਾਰੀ 'ਚ 11 ਦੀ ਮੌਤ, ਜਵਾਬੀ ਕਾਰਵਾਈ 'ਚ ਬੰਦੂਕਧਾਰੀ ਮਾਰੇ ਗਏ

ਮਾਸਕੋ, 16 ਅਕਤੂਬਰ (ਪੋਸਟ ਬਿਊਰੋ)- ਰੂਸ ਦੇ ਬੇਲਗੋਰੋਡ ਖੇਤਰ 'ਚ ਰੂਸੀ ਫੌਜੀ ਟਿਕਾਣੇ 'ਤੇ ਸ਼ਨੀਵਾਰ ਨੂੰ ਹੋਈ ਗੋਲੀਬਾਰੀ 'ਚ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਅਤੇ 15 ਹੋਰ ਜ਼ਖਮੀ ਹੋ ਗਏ। ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਸਾਬਕਾ ਸੋਵੀਅਤ ਰਾਜਾਂ ਦੇ ਦੋ ਨਾਗਰਿਕਾਂ ਨੇ ਇੱਕ ਫੌਜੀ ਸਥਾਨ 'ਤੇ ਸਿਖਲਾਈ ਦੌਰਾਨ ਗੋਲੀਬਾਰੀ ਕੀਤੀ, ਅਤੇ ਦੋਵੇਂ ਜਵਾਬੀ ਕਾਰਵਾਈ ਵਿੱਚ ਮਾਰੇ ਗਏ। ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਇਹ ਗੋਲੀਬਾਰੀ ਦੱਖਣੀ-ਪੱਛਮੀ ਰੂਸ ਦੇ ਬੇਲਗੋਰੋਡ ਖੇਤਰ 'ਚ ਹੋਈ, ਜਿਸ ਦੀ ਸਰਹੱਦ ਯੂਕਰੇਨ ਨਾਲ ਲੱਗਦੀ ਹੈ। ਇੱਕ ਅਣਪਛਾਤੇ ਸਾਬਕਾ ਸੋਵੀਅਤ ਰਾਸ਼ਟਰ ਦੇ ਦੋ ਵਲੰਟੀਅਰਾਂ ਨੇ ਸੈਨਿਕਾਂ 'ਤੇ ਗੋਲੀਬਾਰੀ ਕੀਤੀ ਅਤੇ ਜਵਾਬੀ ਕਾਰਵਾਈ ਵਿੱਚ ਮਾਰੇ ਗਏ। ਮੰਤਰਾਲੇ ਨੇ ਇਸ ਘਟਨਾ ਨੂੰ ਅੱਤਵਾਦੀ ਹਮਲਾ ਦੱਸਿਆ ਹੈ।



ਇਹ ਹਮਲਾ ਸ਼ਨੀਵਾਰ ਨੂੰ ਪੱਛਮੀ ਮਿਲਟਰੀ ਡਿਸਟ੍ਰਿਕਟ ਵਿੱਚ ਇੱਕ ਸਿਖਲਾਈ ਸੈਸ਼ਨ ਦੌਰਾਨ ਹੋਇਆ। ਬੰਦੂਕਧਾਰੀ ਸਾਬਕਾ ਸੋਵੀਅਤ ਰਾਜਾਂ ਨਾਲ ਸਬੰਧਤ ਦੱਸੇ ਜਾਂਦੇ ਹਨ। ਬੇਲਗੋਰੋਡ ਦੇ ਇਸ ਮਿਲਟਰੀ ਟਰੇਨਿੰਗ ਗਰਾਊਂਡ 'ਤੇ ਹੋਏ ਅੱਤਵਾਦੀ ਹਮਲੇ 'ਚ 11 ਲੋਕਾਂ ਦੀ ਮੌਤ ਹੋ ਗਈ, 15 ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਇਹ ਘਟਨਾ ਇਕ ਵਿਸ਼ੇਸ਼ ਆਪਰੇਸ਼ਨ ਲਈ ਤਿਆਰੀ ਕਰ ਰਹੇ ਵਾਲੰਟੀਅਰਾਂ ਨਾਲ ਗੋਲੀਬਾਰੀ ਇੱਕ ਸਿਖਲਾਈ ਸੈਸ਼ਨ ਦੌਰਾਨ ਹੋਈ।




## ਯੂਕਰੇਨ ਵਿਚ ਜੰਗ ਕਾਰਨ ਗਰੀਬੀ 10 ਗੁਣਾ ਵਧੀ: ਵਿਸ਼ਵ ਬੈਂਕ

ਵਾਸ਼ਿੰਗਟਨ, 16 ਅਕਤੂਬਰ (ਪੋਸਟ ਬਿਊਰੋ)- ਵਿਸ਼ਵ ਬੈਂਕ ਦੇ ਇਕ ਚੋਟੀ ਦੇ ਅਧਿਕਾਰੀ ਨੇ ਕਿਹਾ ਕਿ ਰੂਸ ਨਾਲ ਜੰਗ ਕਾਰਨ ਯੂਕਰੇਨ 'ਚ ਮਹਿੰਗਾਈ 10 ਗੁਣਾ ਵਧ ਗਈ ਹੈ। ਯੁੱਧ-ਗ੍ਰਸਤ ਸਥਿਤੀ ਯੂਕਰੇਨ ਦੇ ਨਾਗਰਿਕਾਂ ਦੀ ਬੁਨਿਆਦੀ ਆਰਥਿਕ ਸਥਿਤੀ ਨੂੰ ਗੁੰਝਲਦਾਰ ਬਣਾ ਦੇਵੇਗੀ।

ਪੂਰਬੀ ਯੂਰਪ ਲਈ ਵਿਸ਼ਵ ਬੈਂਕ ਦੇ ਖੇਤਰੀ ਦੇਸ਼ ਦੇ ਨਿਰਦੇਸ਼ਕ ਅਰੂਪ ਬੈਨਰਜੀ ਨੇ ਕਿਹਾ ਕਿ ਊਰਜਾ ਸਹੂਲਤਾਂ 'ਤੇ ਇਸ ਹਫਤੇ ਦੇ ਵੱਡੇ ਰੂਸੀ ਹਮਲਿਆਂ ਤੋਂ ਬਾਅਦ ਯੂਕਰੇਨ ਦੀ ਬਿਜਲੀ ਦੀ ਤੇਜ਼ੀ ਨਾਲ ਬਹਾਲੀ ਜੰਗ ਦੇ ਸਮੇਂ ਦੀ ਪ੍ਰਣਾਲੀ ਦੀ ਕੁਸ਼ਲਤਾ ਨੂੰ ਦਰਸਾਉਂਦੀ ਹੈ, ਪਰ ਰੂਸ ਦੀ ਰਣਨੀਤੀ ਵਿੱਚ ਬਦਲਾਅ ਜੋਖਮਾਂ ਨੂੰ ਵਧਾਉਂਦਾ ਹੈ।

ਬੈਨਰਜੀ ਨੇ ਇੱਕ ਇੰਟਰਵਿਊ ਵਿੱਚ ਰਾਇਟਰਸ ਨਿਊਜ਼ ਏਜੰਸੀ ਨੂੰ ਦੱਸਿਆ, "ਜੇ ਇਹ ਜਾਰੀ ਰਿਹਾ, ਤਾਂ ਦ੍ਰਿਸ਼ਟੀਕੋਣ ਬਹੁਤ ਜ਼ਿਆਦਾ ਮੁਸ਼ਕਲ ਹੋਣ ਵਾਲਾ ਹੈ।" ਯੂਕਰੇਨ ਦੇ ਰਾਸ਼ਟਰਪਤੀ ਵੋਲੋਡੀਮਿਰ ਜ਼ੇਲੇਨਸਕੀ ਨੇ ਇਸ ਹਫ਼ਤੇ ਅੰਤਰਰਾਸ਼ਟਰੀ ਦਾਨੀਆਂ ਨੂੰ ਦੱਸਿਆ ਕਿ ਯੂਕਰੇਨ ਨੂੰ ਲਗਭਗ 55 ਬਿਲੀਅਨ ਡਾਲਰ ਦੀ ਲੋੜ ਹੈ - $38 ਬਿਲੀਅਨ ਅਗਲੇ ਸਾਲ ਦੇ ਅਨੁਮਾਨਿਤ ਬਜਟ ਘਾਟੇ ਨੂੰ ਪੂਰਾ ਕਰਨ ਲਈ ਅਤੇ ਸਕੂਲ, ਰਿਹਾਇਸ਼ ਅਤੇ ਊਰਜਾ ਸਹੂਲਤਾਂ ਸਮੇਤ ਨਾਜ਼ੁਕ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਲਈ ਹੋਰ $17 ਬਿਲੀਅਨ ਦੀ ਲੋੜ ਹੈ।"



ਯੂਕਰੇਨੀ ਅਧਿਕਾਰੀਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਉਨ੍ਹਾਂ ਨੂੰ ਸਰਕਾਰ ਚਲਾਉਣ ਲਈ ਨਿਰੰਤਰ ਅਤੇ ਅਨੁਮਾਨਤ ਵਿੱਤੀ ਸਹਾਇਤਾ ਦੀ ਲੋੜ ਹੈ, ਜਦੋਂ ਕਿ ਮਹੱਤਵਪੂਰਨ ਮੁਰੰਮਤ ਅਤੇ ਪੁਨਰ ਨਿਰਮਾਣ ਵੀ ਚੱਲ ਰਿਹਾ ਹੈ।



VOTE TO RE-ELECT
Paul
Vicente
Brampton Regional Councillor Wards 1&5


VOTE TO RE-ELECT
Rowena
Santos
Brampton City Councillor Wards 1&5







Vote Vicente and Santos for a Brighter Future for Brampton




WARDS 1&5
bramptonvotes.ca 647.501.8683
For dates, times, voting locations, rides and reminders






A trusted voice for our community

Elect
JOHAL
SATPAUL SINGH
your
Peel District School Board Trustee
Brampton Wards 9 - 10

I will work for you to:

- Advocate to build a partnership with City to provide free Transit for Peel students
- Strengthen relationships in school communities
- Build an inclusive environment free of racism, bullying & drugs
- Decrease congestion around schools
- Advocate for more Regional Programs Funding
- Ensure fair funding for Peel Schools

Phone: 416-895-3784 | Email: satpaulsinghjohal@gmail.com




Elect Satpaul Singh Johal
Trustee for Peel District School Board

Advance Polling:
from 10:00 am - 8:00 pm
October 7, 8, 9, 14 and 15

Election Day:
October 24, 2022

My Name is on the Ballot Paper
ਇਲੈਕਸ਼ਨ ਦਾ ਦਿਨ 24 ਅਕਤੂਬਰ
ਐਡਵਾਂਸ ਵੋਟਾਂ :
7, 8, 9, 14 ਤੇ 15 ਅਕਤੂਬਰ
ਵੋਟਾਂ ਪਾਉਣ ਦਾ ਸਮਾਂ 10 ਤੋਂ 8 ਵਜੇ ਤੱਕ

Mark X or ✓ in front of:
JOHAL, SATPAUL SINGH
Peel District School Board Trustee
Brampton Wards 9 - 10

Phone: 416-895-3784 | Email: satpaulsinghjohal@gmail.com

Authorised by Satpaul Singh Johal Campaign


# ਪੰਜਾਬੀ ਪੋਸਟ CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**


A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ



647-998-7500 ਬਲਵਿੰਦਰ



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com



(905)793-2202
You can Place Your Business Here
To Reach Wider Audience



For more info Call 905-793-2202 or e-mail ads@punjabipost.ca



Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976



We are looking for:

- General Labours
- Forklift Operators
- Window assemblers
- Production Line Workers
- Machine Operators
- AZ Driver, Shippers/Receivers Packagers




Only Full Time Position Available
Must be eligible to work in Canada & communication in English
Please call us: 416-514-0733

